ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)
ਮੋ: 86995-69067

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

ਆਜ਼ਾਦ ਸੋਚ ™

www.facebook.com/Azadsoch
www.youtube.com/AzadSoch

Postal No. PB/PTA/ (055) 2023-25
R.N.I N O. 61549/92
Website : www.azadsoch.in
Mail Us at : azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol.) 103 | ਮੁੱਲ (Rate) 2.00 ਰੁਪਏ | ਸੰਗਰੂਰ ਤੋਂ ਪ੍ਰਕਾਸ਼ਿਤ Thursday 18 April, 2024 | ਵੀਰਵਾਰ 18 ਅਪ੍ਰੈਲ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ

ਲੋਕ ਸਭਾ ਚੋਣਾਂ: ਪਹਿਲੇ ਗੇੜ 'ਚ 102 ਸੀਟਾਂ ਲਈ ਚੋਣ ਪ੍ਰਚਾਰ ਖਤਮ,ਦਾਅ 'ਤੇ ਕਈ ਦਿੱਗਜਾਂ ਦੀ ਕਿਸਮਤ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 17 ਅਪ੍ਰੈਲ

ਲੋਕ ਸਭਾ ਚੋਣਾਂ ਲਈ ਪਹਿਲੇ ਪੜਾਅ ਦੀ ਵੋਟਿੰਗ 19 ਅਪ੍ਰੈਲ ਨੂੰ ਹੋਣ ਜਾ ਰਹੀ ਹੈ। ਇਸ ਦੇ ਲਈ 102 ਸੀਟਾਂ 'ਤੇ ਚੋਣ ਪ੍ਰਚਾਰ ਬੁੱਧਵਾਰ ਸ਼ਾਮ ਨੂੰ ਖਤਮ ਹੋ ਗਿਆ। ਪਹਿਲੇ ਪੜਾਅ 'ਚ ਜਿਨ੍ਹਾਂ ਅਹਿਮ ਸੀਟਾਂ 'ਤੇ ਚੋਣਾਂ ਹੋਣ ਜਾ ਰਹੀਆਂ ਹਨ, ਉਨ੍ਹਾਂ 'ਚ ਨਾਗਪੁਰ, ਕੰਨਿਆਕੁਮਾਰੀ, ਚੇਨਈ ਸੈਂਟਰਲ, ਮੁਜ਼ੱਫਰਨਗਰ, ਸਹਾਰਨਪੁਰ, ਕੈਰਾਨਾ, ਪੀਲੀਭੀਤ, ਡਿਬਰੂਗੜ੍ਹ, ਜੋਰਹਾਟ, ਜੈਪੁਰ, ਛਿੰਦਵਾੜਾ, ਜਮੁਈ, ਬਸਤਰ, ਨੈਨੀਤਾਲ ਅਤੇ ਲਕਸ਼ਦੀਪ ਆਦਿ ਸ਼ਾਮਲ ਹਨ। 18ਵੀਂ ਲੋਕ ਸਭਾ ਦੀਆਂ ਚੋਣਾਂ ਸੱਤ ਪੜਾਵਾਂ ਵਿੱਚ ਹੋਣੀਆਂ ਹਨ। ਪਹਿਲੇ ਪੜਾਅ 'ਚ ਜਿਨ੍ਹਾਂ ਸੀਟਾਂ 'ਤੇ ਵੋਟਿੰਗ ਹੋਣੀ ਹੈ, ਉਨ੍ਹਾਂ 'ਚ ਆਸਾਮ ਦੀਆਂ ਕਾਜ਼ੀਰੰਗਾ, ਸੋਨਿਤਪੁਰ, ਲਖੀਮਪੁਰ, ਡਿਬਰੂਗੜ੍ਹ ਅਤੇ ਜੋਰਹਾਟ ਸੀਟਾਂ ਸ਼ਾਮਲ ਹਨ। ਇਸ ਤੋਂ ਇਲਾਵਾ 19 ਅਪ੍ਰੈਲ ਨੂੰ ਤ੍ਰਿਪੁਰਾ ਪੱਛਮੀ ਸੀਟ 'ਤੇ ਵੀ ਚੋਣਾਂ ਹੋਣੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਅਸਾਮ ਅਤੇ ਤ੍ਰਿਪੁਰਾ ਦੀ ਚੋਣ ਲੜਾਈ ਵਿੱਚ ਗਰਜਦੇ ਨਜ਼ਰ ਆਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਸਵੇਰੇ ਅਸਾਮ ਦੇ ਨਲਬਾੜੀ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇਸ ਤੋਂ ਬਾਅਦ ਉਹ ਤ੍ਰਿਪੁਰਾ ਲਈ ਰਵਾਨਾ ਹੋ ਗਏ। ਪ੍ਰਧਾਨ ਮੰਤਰੀ ਨੇ ਦੁਪਹਿਰ ਨੂੰ ਅਗਰਤਲਾ, ਤ੍ਰਿਪੁਰਾ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕੀਤਾ ਅਤੇ ਜਨਤਾ ਨੂੰ ਸਮਰਥਨ ਦੀ ਅਪੀਲ ਕੀਤੀ। ਇਸ ਦੌਰਾਨ ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਬੁੱਧਵਾਰ ਸਵੇਰੇ ਗਾਜ਼ੀਆਬਾਦ ਵਿੱਚ ਸਪਾ ਮੁਖੀ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈਸ ਕਾਨਫਰੰਸ ਕੀਤੀ। ਇਸ ਤੋਂ ਬਾਅਦ ਉਹ ਆਪਣੀ ਪਾਰਟੀ ਦੇ ਪ੍ਰਚਾਰ ਲਈ ਕਰਨਾਟਕ ਗਏ। ਪਹਿਲੇ ਪੜਾਅ ਵਿੱਚ ਚੋਣ ਮੈਦਾਨ ਵਿੱਚ ਉਤਰੇ ਮੁੱਖ ਚਿਹਰਿਆਂ ਵਿੱਚ ਨਾਗਪੁਰ ਤੋਂ ਨਿਤਿਨ ਗਡਕਰੀ, ਉੱਤਰ ਪ੍ਰਦੇਸ਼ ਦੇ ਪੀਲੀਭੀਤ ਤੋਂ ਜਿਤਿਨ ਪ੍ਰਸਾਦ, ਤਾਮਿਲਨਾਡੂ ਤੋਂ ਕਾਰਤੀ ਚਿਦੰਬਰਮ, ਤਾਮਿਲਨਾਡੂ ਦੇ ਕੋਇੰਬਟੂਰ ਤੋਂ ਭਾਜਪਾ ਦੇ ਸੂਬਾ ਪ੍ਰਧਾਨ ਕੇ. ਦਯਾਨਿਧੀ ਮਾਰਨ ਅੰਨਾਮਾਲਾਈ, ਚੇਨਈ ਸੈਂਟਰਲ ਅਤੇ ਨਕੁਲਨਾਥ ਛਿੰਦਵਾੜਾ ਤੋਂ।

19 ਅਪ੍ਰੈਲ ਨੂੰ ਪਹਿਲੇ ਪੜਾਅ ਦੀ ਵੋਟਿੰਗ

ਚੋਣ ਕਮਿਸ਼ਨ ਮੁਤਾਬਕ ਜਿੱਥੇ 19 ਅਪ੍ਰੈਲ ਤੋਂ ਪਹਿਲੇ ਪੜਾਅ ਦੀ ਵੋਟਿੰਗ ਸ਼ੁਰੂ ਹੋ ਰਹੀ ਹੈ, ਉੱਥੇ ਆਖਰੀ ਅਤੇ ਸੱਤਵਾਂ ਪੜਾਅ 1 ਜੂਨ ਨੂੰ ਸਮਾਪਤ ਹੋਵੇਗਾ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ 'ਚ ਕਈ ਅਹਿਮ ਸੀਟਾਂ 'ਤੇ ਵੋਟਿੰਗ ਹੋਣ ਜਾ ਰਹੀ ਹੈ। ਇਨ੍ਹਾਂ ਵਿੱਚ ਤਾਮਿਲਨਾਡੂ ਦੀਆਂ ਸਾਰੀਆਂ 39 ਸੀਟਾਂ ਸ਼ਾਮਲ ਹਨ। ਇਨ੍ਹਾਂ ਵਿੱਚ ਕੰਨਿਆਕੁਮਾਰੀ, ਚੇਨਈ ਈਸਟ, ਚੇਨਈ ਸਾਊਥ, ਚੇਨਈ ਸੈਂਟਰਲ, ਤਿਰੂਵੱਲੂਰ ਸ਼ਾਮਲ ਹਨ। ਸ਼੍ਰੀਪੇਰੰਬਦੂਰ, ਅਰਾਨੀ, ਵਿਲੁੱਪੁਰਮ, ਕਾਲਾਕੁਰੀਚੀ, ਸਲੇਮ, ਨਮੱਕਲ, ਇਰੋਡ, ਤਿਰੁਪੁਰ, ਨੀਲਗਿਰੀਸ, ਕੋਇੰਬਟੂਰ, ਪੋਲਾਚੀ, ਡਿੰਡੀਗੁਲ, ਕਰੂਰ, ਤਿਰੂਚਿਰਾਪੱਲੀ, ਪੇਰੰਬਲੂਰ, ਕਾਂਚੀਪੁਰਮ, ਅਰਾਕੋਨਮ, ਵੇਲੋਰ, ਕ੍ਰਿਸ਼ਨਾਗਿਰੀ, ਧਰਮਾਵੰਨਾਪੁਰੀ, ਮਦਰੁਵੰਨਾਪੁਰੀ, ਤੀਰੁਵੰਨਾਪੁਰੀ, ਤੀਰੁਵਨਾਨਗਰਈ ਰਾਮਨਾਥਪੁਰਮ, ਕੁੱਡਲੋਰ, ਚਿਦੰਬਰਮ, ਮੇਇਲਾਦੁਥੁਰਾਈ, ਨਾਗਾਪੱਟੀਨਮ, ਤੰਜਾਵੁਰ, ਥੂਥੂਕੁਡੀ, ਟੇਨਕਸੀ ਅਤੇ ਤਿਰੂਨੇਲਵੇਲੀ ਸ਼ਾਮਲ ਹਨ। ਪੱਛਮੀ ਉੱਤਰ ਪ੍ਰਦੇਸ਼ ਦੀਆਂ ਮੁਜ਼ੱਫਰਨਗਰ, ਸਹਾਰਨਪੁਰ, ਕੈਰਾਨਾ, ਬਿਜਨੌਰ, ਨਗੀਨਾ, ਮੁਰਾਦਾਬਾਦ, ਪੀਲੀਭੀਤ ਅਤੇ ਰਾਮਪੁਰ ਸੀਟਾਂ 'ਤੇ ਵੀ ਪਹਿਲੇ ਪੜਾਅ 'ਚ ਚੋਣਾਂ ਹੋਣ ਜਾ ਰਹੀਆਂ ਹਨ।

ਦਾਅ 'ਤੇ ਕਈ ਦਿੱਗਜਾਂ ਦੀ ਸਾਖ

ਪਹਿਲੇ ਪੜਾਅ 'ਚ ਰਾਜਸਥਾਨ ਦੇ ਜੈਪੁਰ, ਜੈਪੁਰ ਦਿਹਾਤੀ, ਭਰਤਪੁਰ, ਕਰੌਲੀ-ਧੌਲਪੁਰ, ਗੰਗਾਨਗਰ, ਬੀਕਾਨੇਰ, ਚੁਰੂ, ਝੁੰਝੁਨੂ, ਸੀਕਰ, ਅਲਵਰ, ਦੌਸਾ ਅਤੇ ਨਾਗੌਰ 'ਚ ਹੀ ਵੋਟਿੰਗ ਹੋ ਰਹੀ ਹੈ। ਮੱਧ ਪ੍ਰਦੇਸ਼ ਦੇ ਛਿੰਦਵਾੜਾ, ਸ਼ਾਹਡੋਲ, ਸਿੱਧੀ, ਮੰਡਲਾ, ਬਾਲਾਘਾਟ ਅਤੇ ਜਬਲਪੁਰ ਵਿੱਚ ਵੀ ਪਹਿਲੇ ਪੜਾਅ ਵਿੱਚ ਵੋਟਿੰਗ ਹੋਣੀ ਹੈ। ਬਿਹਾਰ ਦੀ ਗੱਲ ਕਰੀਏ ਤਾਂ ਔਰੰਗਾਬਾਦ, ਗਯਾ, ਨਵਾਦਾ ਅਤੇ ਜਮੁਈ ਵਿੱਚ 19 ਅਪ੍ਰੈਲ ਨੂੰ ਵੋਟਿੰਗ ਹੋਣੀ ਹੈ। ਮਹਾਰਾਸ਼ਟਰ ਵਿੱਚ ਨਾਗਪੁਰ, ਗੜ੍ਹਚਿਰੌਲੀ ਚਿਮੂਰ, ਭੰਡਾਰਾ-ਗੋਂਡੀਆ ਚੰਦਰਪੁਰ ਅਤੇ ਰਾਮਟੇਕ ਵਿੱਚ ਵੋਟਾਂ ਪੈਣੀਆਂ ਹਨ।ਇਸ ਤੋਂ ਇਲਾਵਾ ਛੱਤੀਸਗੜ੍ਹ ਦੇ ਬਸਤਰ, ਜੰਮੂ-ਕਸ਼ਮੀਰ ਦੇ ਊਧਮਪੁਰ, ਅਰੁਣਾਚਲ ਪ੍ਰਦੇਸ਼ ਦੇ ਅਰੁਣਾਚਲ ਪੱਛਮੀ ਅਤੇ ਅਰੁਣਾਚਲ ਪੂਰਬ, ਮੇਘਾਲਿਆ ਦੇ ਸ਼ਿਲਾਂਗ ਤੁਰਾ ਵਿੱਚ ਵੋਟਾਂ ਪੈਣਗੀਆਂ। ਸ਼ੁੱਕਰਵਾਰ ਨੂੰ ਮਣੀਪੁਰ, ਮਿਜ਼ੋਰਮ, ਪੁਡੂਚੇਰੀ, ਸਿੱਕਮ, ਨਾਗਾਲੈਂਡ, ਅੰਡੇਮਾਨ ਅਤੇ ਨਿਕੋਬਾਰ ਪੱਛਮੀ, ਕੂਚ ਬਿਹਾਰ ਅਤੇ ਬੰਗਾਲ ਦੇ ਜਲਪਾਈਗੁੜੀ ਵਿੱਚ ਵੀ ਵੋਟਿੰਗ ਹੋਣੀ ਹੈ। ਚੋਣ ਕਮਿਸ਼ਨ ਅਨੁਸਾਰ ਪੋਲਿੰਗ ਸਟੇਸ਼ਨਾਂ 'ਤੇ ਅੰਗਹੀਣਾਂ ਅਤੇ ਬਜ਼ੁਰਗਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਅੰਮ੍ਰਿਤਸਰ ਦੇ ਨੌਜਵਾਨ ਦੀ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਭਿਆਨਕ ਸੜਕ ਹਾਦਸੇ 'ਚ ਮੌਤ

ਅੰਮ੍ਰਿਤਸਰ, 17 ਅਪ੍ਰੈਲ (ਪ.ਪ.): ਅੰਮ੍ਰਿਤਸਰ ਦੇ ਪਿੰਡ ਮਹੱਦੀਪੁਰਾ ਦੇ ਨੌਜਵਾਨ ਦੀ ਕੈਨੇਡਾ ਦੇ ਸਰੀ ਸ਼ਹਿਰ ਚ ਵਾਪਰੇ ਭਿਆਨਕ ਸੜਕ ਹਾਦਸੇ ਦੌਰਾਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਮੌਤ ਦੀ ਖਬਰ ਤੋਂ ਬਾਅਦ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾ ਦਾ ਰੋ ਰੋ ਕੇ ਬੁਰਾ ਹਾਲ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਿਤਾ ਪਲਵਿੰਦਰ ਸਿੰਘ ਬਾਠ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਗੁਰਸਾਹਬ ਸਿੰਘ 23 ਸਾਲ ਕਰੀਬ 1 ਮਹੀਨਾ ਪਹਿਲਾਂ 13 ਮਾਰਚ, 2024 ਨੂੰ ਕੈਨੇਡਾ ਵਿਖੇ ਪੜ੍ਹਾਈ ਕਰਨ ਗਿਆ ਸੀ। ਜਦੋਂ ਉਹ 13 ਅਪ੍ਰੈਲ, 2024 ਨੂੰ ਸੜਕ ਉਤੇ ਪੈਦਲ ਆ ਰਿਹਾ ਸੀ ਕਿ ਅਚਾਨਕ ਇਕ ਵੱਡਾ ਹਾਦਸਾ ਵਾਪਰਿਆ, ਜਿਥੇ 3 ਓਵਰ ਸਪੀਡ ਗੱਡੀਆਂ ਆਪਸ 'ਚ ਟਕਰਾਅ ਗਈਆਂ ਤੇ ਇਕ ਗੱਡੀ ਗੁਰਸਾਹਬ ਸਿੰਘ ਦੇ ਉਪਰ ਆ ਚੜ੍ਹੀ ਅਤੇ ਉਹ ਗੰਭੀਰ ਰੂਪ ਚ ਜ਼ਖ਼ਮੀ ਹੋ ਗਿਆ ਜਿਸਨੂੰ ਮੌਕੇ ਮੌਜੂਦ ਪੁਲਿਸ ਨੇ ਹਸਪਤਾਲ ਪਹੁੰਚਾਇਆ ,ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗੀ ਹੈ ਕਿ ਉਨ੍ਹਾਂ ਨੂੰ ਪੁੱਤਰ ਦੀ ਮ੍ਰਿਤਕ ਦੇਹ ਭਾਰਤ ਲਿਆਂਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਜੋ ਉਹ ਆਪਣੇ ਪੁੱਤਰ ਦੀਆਂ ਅੰਤਿਮ ਰਸਮਾਂ ਸਿੱਖ ਰੀਤੀ ਰਿਵਾਜਾਂ ਅਨੁਸਾਰ ਪੂਰੀਆ ਕਰਨ ਸਕਣ।

ਲੋਕ ਸਭਾ ਚੋਣਾਂ 2024

ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਪੰਜਾਬ ਵਿੱਚ 243.95 ਕਰੋੜ ਦੀ ਨਕਦੀ, ਸ਼ਰਾਬ, ਡਰੱਗਜ਼ ਅਤੇ ਹੋਰ ਕੀਮਤੀ ਵਸਤਾਂ ਜ਼ਬਤ : ਸਿਬਿਨ ਸੀ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 17 ਅਪ੍ਰੈਲ

ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ 16 ਮਾਰਚ ਤੋਂ ਸਾਰੇ ਦੇਸ਼ ਵਿੱਚ ਚੋਣ ਜ਼ਾਬਤਾ ਲਾਗੂ ਹੈ ਅਤੇ ਇਸ ਦੌਰਾਨ ਵੱਖ-ਵੱਖ ਸੁਰੱਖਿਆ ਅਤੇ ਹੋਰ ਏਜੰਸੀਆਂ ਵੱਲੋਂ ਪੰਜਾਬ ਵਿੱਚ ਕੁੱਲ 243.95 ਕਰੋੜ ਰੁਪਏ ਦੀ ਨਕਦੀ, ਸ਼ਰਾਬ, ਡਰੱਗ ਅਤੇ ਹੋਰ ਕੀਮਤੀ ਸਮਾਨ ਜ਼ਬਤ ਕੀਤਾ ਜਾ ਚੁੱਕਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਵਿੱਚ ਸੁਤੰਤਰ ਅਤੇ ਨਿਰਪੱਖ ਤਰੀਕੇ ਨਾਲ ਚੋਣਾਂ ਕਰਵਾਉਣ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ 16 ਮਾਰਚ ਤੋਂ 17 ਅਪ੍ਰੈਲ 2024 ਤੱਕ ਸਭ ਤੋਂ ਜ਼ਿਆਦਾ 158.76 ਕਰੋੜ ਰੁਪਏ ਦੀ ਨਗਦੀ, ਸ਼ਰਾਬ/ਨਸ਼ੀਲੇ ਪਦਾਰਥ ਅਤੇ ਹੋਰ ਵਸਤਾਂ ਪੰਜਾਬ ਪੁਲਿਸ ਵੱਲੋਂ ਜ਼ਬਤ ਕੀਤੀਆਂ ਗਈਆਂ ਹਨ।

ਸਿਬਿਨ ਸੀ ਨੇ ਅੱਗੇ ਦੱਸਿਆ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ 17 ਅਪ੍ਰੈਲ ਤੱਕ ਪੰਜਾਬ ਪੁਲਿਸ ਨੇ 2.49 ਕਰੋੜ ਰੁਪਏ ਦੀ ਨਕਦੀ, 7.06 ਕਰੋੜ ਰੁਪਏ ਦੀ ਸ਼ਰਾਬ, 148.21 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ, 25.6 ਲੱਖ ਰੁਪਏ ਦੀਆਂ ਕੀਮਤੀ ਵਸਤਾਂ ਅਤੇ 74.2 ਲੱਖ ਰੁਪਏ ਦੀ ਕੀਮਤ ਵਾਲੀਆਂ ਹੋਰ ਵਸਤੂਆਂ ਜ਼ਬਤ ਕੀਤੀਆਂ ਹਨ। ਇਸੇ ਤਰ੍ਹਾਂ ਸੂਬੇ ਦੇ ਆਬਕਾਰੀ ਵਿਭਾਗ ਨੇ 6.77 ਕਰੋੜ ਰੁਪਏ ਦੀ ਸ਼ਰਾਬ ਅਤੇ 2 ਲੱਖ ਰੁਪਏ ਦੇ ਨਸ਼ੀਲੇ ਪਦਾਰਥ ਅਤੇ ਬੀ.ਐਸ.ਐਫ ਨੇ 19.66 ਕਰੋੜ ਰੁਪਏ ਦੇ ਡਰੱਗਜ਼ ਤੇ ਨਸ਼ੀਲੇ ਪਦਾਰਥ, 40 ਲੱਖ ਰੁਪਏ ਦੀਆਂ ਕੀਮਤੀ ਵਸਤਾਂ ਅਤੇ 36 ਲੱਖ ਰੁਪਏ ਦੀ ਨਗਦੀ ਜ਼ਬਤ ਕੀਤੀ ਹੈ।

ਇਸ ਤੋਂ ਇਲਾਵਾ 45.92 ਕਰੋੜ ਰੁਪਏ ਦੇ ਡਰੱਗਜ਼ ਤੇ ਨਸ਼ੀਲੇ ਪਦਾਰਥ, 3.15 ਕਰੋੜ ਰੁਪਏ ਦੀ ਨਕਦੀ, 8.84 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 6 ਲੱਖ ਰੁਪਏ ਦੀ ਕੀਮਤ ਵਾਲੀਆਂ ਹੋਰ ਵਸਤੂਆਂ ਨੂੰ ਵੱਖ-ਵੱਖ ਏਜੰਸੀਆਂ ਵੱਲੋਂ ਜ਼ਬਤ ਕੀਤਾ ਗਿਆ ਹੈ। ਇਸ ਤਰ੍ਹਾਂ ਇਕ ਮਹੀਨੇ ਦੌਰਾਨ ਇਹ ਸਾਰੀ ਜ਼ਬਤੀ 243.95 ਕਰੋੜ ਰੁਪਏ ਬਣਦੀ ਹੈ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਜ਼ਬਤੀ ਦੇ ਮਾਮਲੇ ਵਿੱਚ ਪੰਜਾਬ ਦੇਸ਼ ਭਰ ਵਿੱਚੋਂ ਪੰਜਵੇਂ ਸਥਾਨ ਉੱਤੇ ਰਿਹਾ। ਇਨ੍ਹਾਂ ਅੰਕੜਿਆਂ ਅਨੁਸਾਰ 1 ਮਾਰਚ 2024 ਤੋਂ 15 ਅਪ੍ਰੈਲ 2024 ਤੱਕ ਪੰਜਾਬ ਵਿੱਚ 311 ਕਰੋੜ ਰੁਪਏ ਦੀ ਜ਼ਬਤੀ ਕੀਤੀ ਗਈ ਹੈ।

ਸਿਬਿਨ ਸੀ ਨੇ ਕਿਹਾ ਕਿ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਨੂੰ ਰੋਕਣ ਲਈ ਅੰਤਰਰਾਜੀ ਨਾਕਿਆਂ ਉੱਤੇ 48 ਹਾਈਟੈੱਕ ਸੀਸੀਟੀਵੀ ਕੈਮਰਿਆਂ ਨਾਲ 24 ਘੰਟੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਫਲਾਇੰਗ ਸੁਕਐਡ ਟੀਮਾਂ ਦੁਆਰਾ ਹਾਈਟੈੱਕ ਸੀਸੀਟੀਵੀ ਕੈਮਰਿਆਂ ਨਾਲ ਲੈਸ 351 ਗੱਡੀਆਂ (ਹਰੇਕ ਵਿਧਾਨ ਸਭਾ ਹਲਕੇ ਲਈ 3 ਗੱਡੀਆਂ) ਰਾਹੀਂ ਹਰ ਵੇਲੇ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਇਸ ਦੀ ਲਾਈਵ ਫੀਡ ਸਿੱਧੀ ਜ਼ਿਲ੍ਹਾ ਅਤੇ ਸਟੇਟ ਮਾਨੀਟਰਿੰਗ ਕੰਟਰੋਲ ਰੂਮ ਨੂੰ ਭੇਜੀ ਜਾ ਰਹੀ ਹੈ।

• ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਵੱਖ-ਵੱਖ ਏਜੰਸੀਆਂ ਵੱਲੋਂ ਚੌਕਸੀ ਹੋਰ ਵਧਾਈ ਗਈ: ਮੁੱਖ ਚੋਣ ਅਧਿਕਾਰੀ • ਗੈਰ-ਕਾਨੂੰਨੀ ਤਸਕਰੀ ਰੋਕਣ ਲਈ ਅੰਤਰਰਾਜੀ ਨਾਕਿਆਂ ਉੱਤੇ 48 ਹਾਈਟੈੱਕ ਸੀਸੀਟੀਵੀ ਕੈਮਰੇ ਸਥਾਪਿਤ • 13 ਲੋਕ ਸਭਾ ਹਲਕਿਆਂ ਵਿੱਚ ਹਾਈਟੈੱਕ ਕੈਮਰਿਆਂ ਵਾਲੀਆਂ 351 ਗੱਡੀਆਂ ਰਾਹੀਂ ਫਲਾਇੰਗ ਸੁਕਐਡ ਟੀਮਾਂ ਰੱਖ ਰਹੀਆਂ ਨੇ ਨਜ਼ਰ

ਸਿਬਿਨ ਸੀ ਨੇ ਅੱਗੇ ਦੱਸਿਆ ਕਿ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੂਬੇ ਦੇ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਅੰਤਰਰਾਜੀ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਸਰਹੱਦੀ ਜ਼ਿਲ੍ਹਿਆਂ ਵਿੱਚ ਬੀ.ਐੱਸ.ਐਫ਼ ਅਤੇ ਹੋਰ ਸਬੰਧਤ ਏਜੰਸੀਆਂ ਵੱਲੋਂ ਵੀ ਚੌਕਸੀ ਵਧਾ ਦਿੱਤੀ ਗਈ ਹੈ ਤਾਂ ਜੋ ਸਰਹੱਦ ਪਾਰੋਂ ਆਉਂਦੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਉੱਤੇ ਠੱਲ੍ਹ ਪਾਈ ਜਾ ਸਕੇ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਾਰਾ ਅਮਲਾ ਸੂਬੇ ਵਿੱਚ ਨਿਰਪੱਖ ਅਤੇ ਸ਼ਾਂਤਮਈ ਤਰੀਕੇ ਨਾਲ ਚੋਣਾਂ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਸਬੰਧ ਵਿੱਚ ਹਰ ਸੰਭਵ ਕਦਮ ਚੁੱਕੇ ਜਾ ਰਹੇ ਹ

ਕਰਮਜੀਤ ਅਨਮੋਲ ਨੇ ਰਾਮ ਨੌਮੀ ਮੌਕੇ ਮੋਗਾ ਦੇ ਪਾਠਸ਼ਾਲਾ ਮੰਦਰ ਵਿਖੇ ਟੇਕਿਆ ਮੱਥਾ

ਆਜ਼ਾਦ ਸੋਚ ਬਿਊਰੋ
ਮੋਗਾ, 17 ਅਪ੍ਰੈਲ

ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਵਿਧਾਇਕਾਂ ਡਾ. ਅਮਨਦੀਪ ਕੌਰ ਅਰੋੜਾ ਨਾਲ ਅੱਜ ਰਾਮ ਨੌਮੀ ਮੌਕੇ ਇੱਥੋਂ ਦੇ ਮੰਦਰਾਂ ਵਿੱਚ ਮੱਥਾ ਟੇਕਿਆ ਅਤੇ ਸ਼ਰਧਾਲੂਆਂ ਨੂੰ ਵਧਾਈਆਂ ਦਿੱਤੀਆਂ। ਮੰਦਰਾਂ ਵਿੱਚ ਨਤਮਸਤਕ ਹੋ ਕੇ ਉਨ੍ਹਾਂ ਨੇ ਪੰਜਾਬ ਦੀ ਖ਼ੁਸ਼ਹਾਲੀ ਅਤੇ ਸਰਬੱਤ ਦੇ ਭੱਲੇ ਲਈ ਪ੍ਰਾਰਥਨਾ ਕੀਤਾ ਅਤੇ ਭਗਵਾਨ ਰਾਮ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।

ਪਹਿਲਾਂ ਸਵੇਰੇ ਮੋਗਾ ਦੇ ਪਾਠਸ਼ਾਲਾ ਮੰਦਰ, ਗਊਸ਼ਾਲਾ ਅਤੇ ਕੁਸ਼ਟ ਆਸ਼ਰਮ ਮੰਦਿਰ ਜਾ ਕੇ ਕਰਮਜੀਤ ਅਨਮੋਲ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨੇ ਪੂਜਾ ਅਰਚਨਾ ਕੀਤੀ ਅਤੇ ਹਾਜ਼ਰ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਉਨ੍ਹਾਂ ਕਿਹਾ ਕਿ ਭਗਵਾਨ ਰਾਮ ਇਸ ਬ੍ਰਹਿਮੰਡ ਵਿੱਚ ਪਵਿੱਤਰਤਾ ਸਚਾਈ ਅਤੇ ਨੇਕੀ ਦੇ ਪ੍ਰਤੀਕ ਹਨ। ਇਸ ਲਈ ਰਿਸ਼ੀਆਂ ਮੁਨੀਆਂ ਨੇ ਭਗਵਾਨ ਰਾਮ ਨੂੰ ਪੁਰਸ਼ੋਤਮ ਦੀ ਸੰਗਿਆ ਦਿੱਤੀ ਹੈ ਜੋ ਮ੍ਰਿਤੂ ਲੋਕ ਦੇ ਪ੍ਰਾਣੀਆਂ ਦੇ ਭਗਵਾਨ ਤੇ ਸਵਾਮੀ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਮੋਗਾ ਜ਼ਿਲ੍ਹੇ ਦੇ ਪ੍ਰਧਾਨ ਹਰਮਨ ਬਰਾੜ, ਮੇਅਰ ਬਲਜੀਤ ਸਿੰਘ ਚੰਨੀ, ਚੇਅਰਮੈਨ ਹਰਜਿੰਦਰ ਸਿੰਘ, ਪ੍ਰੇਮ ਚੰਦ ਚੱਕੀ ਵਾਲਾ, ਬਲਾਕ ਪ੍ਰਧਾਨ ਗੁਰਮਿੰਦਰਜੀਤ ਬੱਬਲੂ ਅਤੇ ਨਗਰ ਕੌਂਸਲਰ ਉਨ੍ਹਾਂ ਨਾਲ ਹਾਜ਼ਰ ਸਨ।

ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੋਟਕਪੂਰਾ ਅਤੇ ਫਰੀਦਕੋਟ ਵਿਖੇ ਵੀ ਮੰਦਰ ਵਿੱਚ ਨਤਮਸਤਕ ਹੋਏ ਅਤੇ ਰਾਮ ਨੌਮੀ ਮੌਕੇ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਬੱਚਿਆ ਨੂੰ ਕਦੋਂ ਖਰੀਦ ਕੇ ਦੇਣਾ ਚਾਹੀਦਾ ਹੈ 'ਸਮਾਰਟ ਫੋਨ'?

ਅੱਜਕੱਲ੍ਹ ਦੀ ਭੱਜਦੌੜ ਵਾਲੀ ਜਿੰਦਗੀ 'ਚ 'ਸਮਾਰਟ ਫੋਨ' ਜਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਹੁਣ ਤਾਂ ਛੋਟੇ ਵੱਡੇ ਹਰੇਕ ਦੇ ਹੱਥ 'ਚ 'ਸਮਾਰਟ ਫੋਨ' ਦਿੱਖ ਜਾਂਦਾ ਹੈ। ਕਿ ਬੱਚਿਆ ਦੇ ਹੱਥ 'ਚ 'ਸਮਾਰਟ ਫੋਨ' ਦੇਣਾ ਸਹੀ ਹੈ? 'ਸਮਾਰਟ ਫੋਨ' 'ਤੇ ਬੱਚੇ ਸਾਰਾ ਦਿਨ ਗੇਮਸ ਖੇਡਦੇ ਹਨ। ਆਪਣੀ ਪੜਾਈ ਨੂੰ ਧਿਆਨ ਨਾਲ ਨਹੀਂ ਕਰ ਪਾਉਦੇ ਤਾਂ ਇਸ ਤਰ੍ਹਾਂ ਦੇ 'ਸਮਾਰਟ ਫੋਨ' ਦਾ ਕੀ ਫਾਇਦਾ?

ਬੱਚਿਆ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ ਕਿ ਨਹੀਂ ? ਇਸ ਵਿਸ਼ੇ 'ਤੇ ਲੰਬੀ ਬਹਿਸ ਹੋ ਸਕਦੀ ਹੈ। ਜਿਹੜੇ ਮਾਂ-ਬਾਪ ਬੱਚੇ ਨੂੰ 'ਸਮਾਰਟ ਫੋਨ' ਲੈ ਕੇ ਦਿੰਦੇ ਹਨ। ਉਹ ਕੁਝ ਸਮੇਂ ਬਾਅਦ ਖੁਦ ਪਛਤਾਉਂਦੇ ਹਨ।

ਖੋਜ ਦੁਆਰਾ ਪਤਾ ਲੱਗਾ ਹੈ ਕਿ ਖਾਸ ਕਰਕੇ ਸ਼ਹਿਰ ਦੇ ਲੋਕ ਆਪਣੇ ਬੱਚਿਆ ਨੂੰ 'ਸਮਾਰਟ ਫੋਨ' ਲੈ ਕੇ ਦਿੰਦੇ ਹਨ। ਪਰ ਕਿ ਮਾਂ-ਬਾਪ ਨੂੰ ਪਤਾ ਹੁੰਦਾ ਹੈ ਕਿ ਬੱਚਾ 'ਸਮਾਰਟ ਫੋਨ' ਦਾ ਇਸਤੇਮਾਲ ਕਿਸ ਕੰਮ ਲਈ ਕਰ ਰਿਹਾ ਹੈ।

'ਫੇਸਬੁੱਕ' 'ਤੇ ਕਰਵਾਏ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ 80% ਮਾਂ-ਬਾਪ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਬੱਚਾ 'ਸਮਾਰਟ ਫੋਨ' ਦਾ ਇਸਤੇਮਾਲ ਕਰੇ।

ਜ਼ਿਆਦਾਤਰ ਲੋਕਾਂ ਦਾ ਮਸ਼ਵਰਾ ਸੀ ਕਿ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਤੱਕ ਜਾਂ ਫਿਰ ਉਸਨੂੰ ਆਪਣੇ ਕੰਮ ਲਈ ਜ਼ਰੂਰਤ ਹੋਵੇ ਤਾਂ ਹੀ ਬੱਚਿਆਂ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਉਸਨੂੰ ਆਪਣੀ ਪੜਾਈ ਲਈ ਕਿਸੇ ਵਿਸ਼ੇ ਬਾਰੇ ਗਿਆਨ ਚਾਹੀਦਾ ਹੋਵੇ ਤਾਂ ਹੀ ਬੱਚੇ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ। ਜੇਕਰ ਬੱਚਾ ਛੋਟਾ ਹੈ ਤਾਂ ਕੰਮ ਹੋ ਜਾਣ ਤੋਂ ਬਾਅਦ 'ਸਮਾਰਟ ਫੋਨ' ਵਾਪਸ ਲੈ ਲੈਣਾ ਚਾਹੀਦਾ ਹੈ।

ਸਰਵੇਖਣ 'ਚ ਸ਼ਾਮਿਲ ਹੋਏ ਲੋਕਾਂ ਦਾ ਕਹਿਣਾ ਹੈ ਕਿ ਬੱਚਿਆ ਨੂੰ 'ਸਮਾਰਟ ਫੋਨ' ਦੇਣ ਨਾਲ ਉਹ ਸਮਾਜਿਕ ਜੀਵਣ ਤੋਂ ਪੱਛੜ ਜਾਂਦੇ ਹਨ। ਸਾਰਾ ਦਿਨ ਗੇਮਾਂ ਜਾਂ 'ਸਾਇਟਸ ' 'ਚ ਹੀ ਮਸਤ ਰਹਿੰਦੇ ਹਨ। ਪਰਿਵਾਰ ਦੇ ਨਾਲ ਬੈਠ ਕੇ ਵੀ ਉਹ ਪਰਿਵਾਰ ਨਾਲ ਕੱਟੇ ਰਹਿੰਦੇ ਹਨ।

ਹਿੰਦ ਆਗੂ ਦੀ ਦਿਨ ਦਿਹਾੜੇ ਕੀਤੇ ਕਤਲ ਦੀ ਅਮਨ ਗਰਗ ਵਲੋਂ ਨਿਖੇਧੀ

ਪਟਿਆਲਾ, 17 ਅਪ੍ਰੈਲ (ਆਜ਼ਾਦ ਸੋਚ ਬਿਊਰੋ) : ਅੱਜ ਸੀਨੀਅਰ ਹਿੰਦੂ ਨੇਤਾ ਅਤੇ ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਰਾਸਟਰੀ ਪ੍ਰਮੁੱਖ ਅਮਨ ਗਰਗ ਸ਼ੂਲਰ ਨੇ ਕੁਝ ਦਿਨ ਪਹਿਲਾ ਵਿਸ਼ਵ ਹਿੰਦੂ ਪਰਿਸ਼ਦ ਦੇ ਨੰਗਲ ਯੂਨਿਟ ਦੇ ਪ੍ਰਧਾਨ ਮਰਹੂਮ ਵਿਕਾਸ ਪ੍ਰਭਾਕਰ ਦੀ ਦਿਨ ਦਿਹਾੜੇ ਉਸਦੀ ਦੁਕਾਨ ਵਿੱਚ ਵੜਕੇ ਕਤਲ ਕਰਨ ਦੀ ਵਾਰਦਾਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਕਿਹਾ ਕਿ ਪੰਜਾਬ ਪੁਲਸ ਨੇ ਪੁਸ਼ਟੀ ਕੀਤੀ ਹੈ ਕਿ ਇਹ ਕਤਲ ਪਾਕਿਸਤਾਨ,ਪੁਰਤਗਾਲ ਸਮੇਤ ਹੋਰ ਵਿਦੇਸ਼ੀ ਅੱਤਵਾਦੀ ਜਥੇਬੰਦੀਆਂ ਦੇ ਸੰਚਾਲਕਾਂ ਵਲੋਂ ਕਰਵਾਇਆ ਗਿਆ ਹੈ।

ਗਰਗ ਨੇ ਕਿਹਾ ਕਿ ਪੰਜਾਬ ਵਿੱਚ ਨਿੱਤ ਹੋ ਰਹੇ ਹਿੰਦੂ ਲੀਡਰਾਂ ਦੇ ਕਤਲ ਦਾ ਮਸਲਾ ਤੂਲ ਫੜਦਾ ਜਾ ਰਿਹਾ ਹੈ ਵਿਕਾਸ ਬੱਗੇ ਦੇ ਕਤਲ ਨੇ ਸਾਰੇ ਪੰਜਾਬ ਦਾ ਮਾਹੌਲ ਗ਼ਮਗੀਨ ਕਰ ਕੇ ਰੱਖ ਦਿੱਤਾ ਹੈ ਜਿਸ ਨੇ ਪੰਜਾਬ ਦੀ ਅਮਨ ਸ਼ਾਂਤੀ ਉੱਤੇ ਬੁਹਤ ਵੱਡਾ ਸਵਾਲੀਆ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ। ਵਿਦੇਸ਼ਾਂ ਵਿੱਚ ਬੈਠ ਕੇ ਨਸ਼ਲੀ ਤੇ ਦਹਿਸ਼ਤਵਾਦੀ ਜਥੇਬੰਦੀਆਂ ਲਗਾਤਾਰ ਪੰਜਾਬ ਵਿੱਚ ਹਿੰਦੂਆਂ ਦੇ ਕਤਲ ਕਰਵਾ ਰਹੀਆਂ ਹਨ ਤਾਂ ਜੋਂ ਹਿੰਦੂ ਪੰਜਾਬ ਛੱਡਣ ਲਈ ਮਜ਼ਬੂਰ ਹੋ ਜਾਣ, ਪਰੰਤੂ ਨਸ਼ਲੀ ਦਹਿਸ਼ਤੀ ਮਾਡਿਊਲ ਦੇ ਹੈਂਡਲਰਾਂ ਨੂੰ ਸਾਡੀ ਸਿੱਧੀ ਚੇਤਾਵਨੀ ਹੈ ਕਿ ਪੰਜਾਬ ਦੇ ਹਿੰਦੂ ਡਰਨ ਵਾਲੇ ਨਹੀ ਹਨ ਅਸੀਂ ਅਜਿਹੀਆਂ ਅਤਵਾਦਿਕ ਕਾਰਵਾਈਆਂ ਦਾ ਮੂੰਹ ਤੋੜਵਾਂ ਜਵਾਬ ਦੇਵਾਂਗੇ, ਹਰ ਇਕ ਹਿੰਦੂ ਵੀਰ ਦਾ ਕਤਲ ਅੱਤਵਾਦੀਆਂ ਦੇ ਖ਼ਾਤਮੇ ਵਾਲੇ ਰਾਹ ਵੱਲ ਵੱਧਦਾ ਕਦਮ ਹੈ ਗਰਗ ਨੇ ਕਿਹਾ ਕਿ ਪ੍ਰਭਾਕਰ ਤੇ ਹੋਇਆ ਵਾਰ ਇਸ ਦੇ ਸੰਚਾਲਕਾਂ ਲਈ ਘਾਤਕ ਸਿੱਧ ਹੋਵੇਗਾ।ਗਰਗ ਸ਼ੂਲਰ ਨੇ ਭਾਰਤ ਸਰਕਾਰ ਨੂੰ ਅਪੀਲ ਕਰਕੇ ਮੰਗ ਕੀਤੀ ਕਿ ਜਿਹੜੀਆਂ ਵੀ ਖਾੜਕੂ ਜਥੇਬੰਦੀਆਂ ਨੇ ਇਹ ਕਤਲ ਕਰਵਾਇਆ ਹੈ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵੜਕੇ ਖ਼ਤਮ ਕੀਤਾ ਜਾਵੇ ਤਾਂ ਜੋਂ ਭਾਰਤ ਦੀ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਉੱਤੇ ਹਮਲਾ ਕਰਨ ਵਾਲੇ ਦਾ ਦੁਨੀਆ ਚੋਂ ਨਾਮੋ ਨਿਸ਼ਾਨ ਮਿੱਟ ਜਾਏ, ਨਾਲ ਹੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਹ ਕਤਲ ਕੋਈ ਨਿੱਜੀ ਕਰਨਾਂ ਕਰਕੇ ਨਹੀ ਹੋਇਆ ਸਗੋਂ ਅੱਤਵਾਦੀਆਂ ਵਲੋਂ ਦਹਿਸ਼ਤ ਤੇ ਡਰ ਫੈਲਾਉਣ ਲਈ ਕੀਤਾ ਗਿਆ ਕਤਲ ਹੈ ਇਸ ਲਈ ਵਿਕਾਸ ਪ੍ਰਭਾਕਰ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਪਰਿਵਾਰ ਨੂੰ ਇੱਕ ਕਰੋੜ ਰੁਪਿਆ ਅਤੇ ਇੱਕ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ।

ਪਨੀਰ ਅਤੇ ਚੀਜ਼ ਦਾ ਸਿਗਾਰ

ਪਨੀਰ ਦਾ ਸਿਗਾਰ ਇਕ ਨਵੀਂ ਅਤੇ ਵਧੀਆਂ ਸਨੈਕਸ ਹੋ ਸਕਦਾ ਹੈ। ਇਹ ਦੇਖਣ 'ਚ ਵੀ ਆਕਰਸ਼ਕ ਲਗਦਾ ਹੈ। ਇਸ ਨੂੰ ਬਣਾਉਣਾ ਵੀ ਬਹੁਤ ਸੋਖਾ ਹੈ। ਇਸਨੂੰ ਖਾ ਕੇ ਬੱਚੇ ਦੁਬਾਰਾ ਜ਼ਰੂਰ ਬਨਵਾਉਣਗੇ।

ਬਣਾਉਣ ਲਈ ਸਮੱਗਰੀ –
ਪਨੀਰ
ਸਪਰਿੰਗ ਰੋਲ ਸ਼ੀਟ
ਹਰੀ ਮਿਰਚ ਬਰੀਕ ਕੱਟੀ ਹੋਈ
ਅੱਧਾ ਛੋਟਾ ਚਮਚ ਲਾਲ ਮਿਰਚ ਪਾਊਡਰ
ਨਮਕ ਸੁਆਦ ਅਨੁਸਾਰ
ਪਾਰਸਲੇ
2 ਵੱਡੇ ਚਮਚ ਮੱਕੀ ਦਾ ਆਟਾ
1/2 ਕੱਪ ਮੈਦਾ
ਪ੍ਰੋਸੈਸਡ ਚੀਜ਼
ਤਲਣ ਲਈ ਤੇਲ

ਬਣਾਉਣ ਦਾ ਤਰੀਕਾ :

1. ਇਕ ਕੜਾਈ 'ਚ ਲੋੜ ਅਨੁਸਾਰ ਤੇਲ ਗਰਮ ਕਰਨ ਲਈ ਰੱਖ ਦਿਓ।

2. ਇਕ ਬਰਤਨ 'ਚ ਪਨੀਰ, ਪ੍ਰੋਸੈਸਡ ਚੀਜ਼, ਹਰੀ ਮਿਰਚ, ਕੁਟੀ ਲਾਲ ਮਿਰਚ, ਨਮਕ, ਪਾਰਸਲੇ, ਮੱਕੀ ਦਾ ਆਟਾ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ।
3. ਹੁਣ ਇਸ ਮਿਸ਼ਰਣ ਨੂੰ ਬਰਾਬਰ ਹਿੱਸਿਆਂ 'ਚ ਵੰਡ ਲਓ।
4. ਪਾਣੀ ਅਤੇ ਮੈਦਾ ਮਿਲਾ ਕੇ ਗਾੜ੍ਹਾ ਘੋਲ ਬਣਾ ਲਓ।
5. ਇਸ ਘੋਲ ਨੂੰ ਸਪਰਿੰਗ ਰੋਲ ਦੀਆਂ ਸ਼ੀਟਾਂ 'ਤੇ ਬਰੱਸ਼ ਦੀ ਸਹਾਇਤਾ ਨਾਲ ਲਗਾਓ।
6. ਹਰ ਸ਼ੀਟ 'ਤੇ ਪਨੀਰ ਦਾ ਮਿਸ਼ਰਣ ਰੱਖੋ ਅਤੇ ਕੱਸ ਕੇ ਸਲੰਡਰ ਦਾ ਅਕਾਰ ਦੇ ਕੇ ਬੰਦ ਕਰ ਦਿਓ। ਇਸ ਨੂੰ ਦੋਨਾਂ ਪਾਸਿਆਂ ਤੋਂ 1/2 ਇੰਚ ਖਾਲ੍ਹੀ ਰੱਖੋ। ਜਿਸ ਤਰ੍ਹਾਂ ਕਿ ਸਿਗਾਰ 'ਚ ਹੁੰਦਾ ਹੈ।
7. ਹੁਣ ਇਸ ਨੂੰ ਕਰਾਰਾ ਹੋਣ ਤੱਕ ਤਲੋ। ਤੇਲ 'ਚੋ ਕੱਢ 'ਕੇ ਟੀਸ਼ੂ ਪੇਪਰ 'ਤੇ ਪਾਓ।
8. ਆਪਣੇ ਮਨਪਸੰਦ ਤਰੀਕੇ ਨਾਲ ਪਰੋਸੋ।

ਪੰਜਾਬੀ ਲਾੜੀ ਵਿਆਹ ਸਮੇਂ ਕਿਉਂ ਪਾਉਂਦੀ ਹੈ ਲਾਲ ਚੂੜਾ?

ਪੰਜਾਬੀ ਲਾੜੀ ਚੂੜੇ ਨਾਲ ਹੀ ਲਾੜੀ ਲਗਦੀ ਹੈ ਨਹੀਂ ਤਾਂ ਅਧੂਰੀ ਲਾੜੀ ਲਗਦੀ ਹੈ। ਇਸ ਦੀ ਪਾਉਣ ਨਾਲ ਲਾੜੀ ਦੀ ਸੁੰਦਰਤਾ ਹੋਰ ਵੱਧ ਜਾਂਦੀ ਹੈ। ਇਹ ਚੂੜਾ ਇਨ੍ਹਾਂ ਚੰਗਾ ਲਗਦਾ ਹੈ ਕਿ ਹੁਣ ਪੰਜਾਬੀਆਂ ਤੋਂ ਬਾਹਰ ਦੇ ਲੋਕ ਵੀ ਇਸ ਨੂੰ ਅਪਨਾਉਣ ਲੱਗ ਪਏ ਹਨ।

ਪਹਿਲਾਂ ਚੂੜਾ ਹਾਥੀ ਦੰਦ ਦਾ ਹੁੰਦਾ ਸੀ, ਪਰ ਸਮੇਂ ਦੇ ਨਾਲ ਮਹਿੰਗਾ ਅਤੇ ਹਾਥੀਆਂ ਦੀ ਘੱਟਦੀ ਸੰਖਿਆ ਕਰਕੇ ਇਸ ਰਿਵਾਜ਼ ਘੱਟ ਹੋ ਗਿਆ ਹੈ।

ਚੂੜਾ ਸਿੰਗਲ ਜਾਂ ਡਬਲ ਹੁੰਦਾ ਹੈ। ਜ਼ਿਆਦਾਤਰ ਕੁੜੀਆਂ ਡਬਲ ਚੂੜਾ ਪਾ ਕੇ ਖੁਸ਼ ਹੁੰਦੀਆਂ ਹਨ।

ਚੂੜਾ ਇਕ ਰਾਤ ਪਹਿਲੇ ਸ਼ੁੱਧ ਕਰਨ ਲਈ, ਕੱਚੀ ਲੱਸੀ 'ਚ ਭਿਓ ਕੇ ਰੱਖਿਆ ਜਾਂਦਾ ਹੈ

ਵਿਆਹ ਵਾਲੇ ਦਿਨ ਚੂੜਾ ਕੁੜੀ ਨੂੰ ਦਿਖਾਏ ਬਿਨ੍ਹਾਂ ਮਾਮੇ ਦੁਆਰਾ ਪਾਇਆ ਜਾਂਦਾ ਹੈ। ਕੁੜੀ ਨੂੰ ਪੂਰੀ ਤਰ੍ਹਾਂ ਤਿਆਰ ਹੋਣ ਤੋਂ ਬਾਅਦ ਜਾਂ ਲਾੜੇ ਦੇ ਨਾਲ ਬੈਠਣ ਤੋਂ ਬਾਅਦ ਹੀ ਚੂੜਾ ਦਿਖਾਣ ਦੀ ਇਜਾਜ਼ਤ ਹੁੰਦੀ ਹੈ।

ਚੂੜੇ ਦੀ ਰਸਮ ਤੋਂ ਬਾਅਦ ਕਲੀਰੇ ਦੀ ਰਸਮ ਹੁੰਦੀ ਹੈ। ਇਸ 'ਚ ਕੁੜੀ ਦੀਆਂ ਸਹੇਲੀਆਂ ਕੁੜੀ ਨੂੰ ਕਲੀਰੇ ਬਣਦੀਆਂ ਹਨ । ਇਸ ਤੋਂ ਬਾਅਦ ਕੁੜੀ ਉਸ ਸਹੇਲੀ ਦੇ ਸਿਰ 'ਤੇ ਚੂੜਾ ਛੰਡਦੀ ਹੈ ਜਿਸ ਦੇ ਵਿਆਹ ਦੀ ਆਸ ਹੋਵੇ। ਜਿਸ ਸਹੇਲੀ ਦੇ ਸਿਰ 'ਤੇ ਕਲੀਰਾ ਡਿੱਗ ਜਾਂਦਾ ਹੈ ਉਸਨੂੰ ਦੇ ਵੀ ਜਲਦੀ ਵਿਆਹ ਦੀ ਆਸ ਹੋ ਜਾਂਦੀ ਹੈ।

ਚੂੜਾ ਵਿਆਹੇ ਹੋਏ ਹੋਣ ਦਾ ਸੂਚਕ ਹੈ। ਚੂੜਾ ਪਤੀ ਦੀ ਭਲਾਈ ਲਈ ਪਾਇਆ ਜਾਂਦਾ ਹੈ।

ਚੂੜਾ ਘੱਟ ਤੋਂ ਘੱਟ 40 ਦਿਨ ਅਤੇ ਵੱਧ ਤੋਂ ਵੱਧ ਇਕ ਸਾਲ ਤੱਕ ਚੂੜਾ ਪਾਉਣਾ ਹੁੰਦਾ ਹੈ।

ਪਹਿਲੇ ਸਮੇਂ ਚੂੜਾ ਉਤਾਰਣ ਲਈ ਛੋਟਾ ਜਿਹਾ ਘਰ 'ਚ ਆਯੋਜਨ ਕਰਦੇ ਸਨ।

ਅੱਜਕੱਲ੍ਹ ਚੂੜਾ ਉਤਾਰ 'ਕੇ ਉਸ ਦੀ ਜਗ੍ਹਾਂ ਕੱਚ ਦੀਆਂ ਚੂੜੀਆਂ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਮੂੰਹ ਮਿੱਠਾ ਕਰਵਾ ਦਿੱਤਾ ਜਾਂਦਾ ਹੈ।

ਕੁਝ ਲੋਕ ਨਦੀ ਦੇ ਕੋਲ ਛੋਟੀ ਜਿਹੀ ਪੂਜਾ ਕਰਕੇ ਚੂੜੇ ਨੂੰ ਨਦੀ 'ਚ ਵਹਾ ਦਿੰਦੇ ਹਨ।

ਬੱਚੇ ਦੀ ਭਾਸ਼ਾ 'ਤੇ ਪਿਤਾ ਦੀ ਭਾਸ਼ਾ ਦਾ ਅਸਰ ਜ਼ਿਆਦਾ

ਬੱਚੇ ਦੀ ਭਾਸ਼ਾ 'ਚ ਪਿਤਾ ਦਾ ਅਸਰ ਜ਼ਰੂਰ ਦੇਖਣ 'ਚ ਮਿਲੇਗਾ। ਪਿਤਾ ਤੋਂ ਹੀ ਬੱਚੇ ਨੂੰ ਭਾਸ਼ਾ ਦਾ ਗਿਆਨ ਮਿਲਦਾ ਹੈ। ਇਕ ਖੋਜ ਤੋਂ ਵੀ ਇਹ ਪਤਾ ਲਗਦਾ ਹੈ ਕਿ ਪਿਤਾ ਦੀ ਭਾਸ਼ਾ ਅਤੇ ਵਿਵਹਾਰ ਦੀ ਝਲਕ ਬੱਚੇ 'ਚ ਜ਼ਿਆਦਾ ਹੁੰਦੀ ਹੈ।

ਘਰ ਦਾ ਮਾਹੌਲ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਮਾਂ ਅਤੇ ਪਿਤਾ ਦੋਨਾਂ ਦਾ ਪਿਆਰ ਮਿਲੇ। ਜੇਕਰ ਬੱਚੇ ਦੀ ਪਾਲਣ-ਪੋਸ਼ਣ ਪਰੇਸ਼ਾਨੀ ਵਾਲੇ ਮਾਹੌਲ 'ਚ ਹੁੰਦਾ ਹੈ ਤਾਂ ਇਸ ਦਾ ਅਸਰ ਬੱਚੇ ਦੇ ਵਿਕਾਸ 'ਤੇ ਵੀ ਪਵੇਗਾ। ਜਦੋਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਤਾਂ ਉਹ ਘਰ ਦੇ ਮਾਹੌਲ ਨੂੰ ਸਮਝਣ ਲੱਗ ਜਾਂਦਾ ਹੈ। ਘਰ ਦੇ ਚੰਗੇ-ਮੰਦੇ ਮਾਹੌਲ ਦਾ ਅਸਰ ਬੱਚੇ ਦੇ ਵਿਵਹਾਰ 'ਤੇ ਵੀ ਪੈਂਦਾ ਹੈ।

ਕੁੜੀਆਂ 'ਤੇ ਆਪਣੀ ਮਾਂ ਦੀ ਅਤੇ ਮੁੰਡਿਆਂ 'ਤੇ ਆਪਣੇ ਪਿਤਾ ਦੀ ਭਾਸ਼ਾ ਦਾ ਅਸਰ ਹੁੰਦਾ ਹੈ।

ਬੱਚਾ ਆਪਣੇ ਪਿਤਾ ਦੇ ਕਹੇ ਸ਼ਬਦ ਲੰਬੇ ਸਮੇਂ ਤੱਕ ਯਾਦ ਰੱਖਦਾ ਹੈ ਅਤੇ ਅਪਣਾ ਵੀ ਲੈਂਦਾ ਹੈ। ਪਿਤਾ ਦਾ ਅਸਰ ਪ੍ਰਤੱਖ ਜਾਂ ਅਪ੍ਰਤੱਖ ਜ਼ਰੂਰ ਹੁੰਦਾ ਹੈ। ਪਿਤਾ ਦੇ ਮਾਨਸਿਕ ਸਵਾਸਥ ਦਾ ਅਸਰ ਵੀ ਬੱਚੇ 'ਤੇ ਪੈਂਦਾ ਹੈ।

ਸੋ ਮਾਤਾ-ਪਿਤਾ ਨੂੰ ਬੱਚੇ ਸਾਹਮਣੇ ਸੋਚ-ਸਮਝ ਕੇ ਸੁਚੱਜੇ ਤਰੀਕੇ ਨਾਲ ਵਵਹਾਰ ਕਰਨਾ ਚਾਹੀਦਾ ਹੈ। ਇਸ ਨਾਲ ਹੀ ਇਕ ਘਰ ਅਤੇ ਇਕ ਚੰਗਾ ਸਮਾਜ ਬਣਦਾ ਹੈ।

'ਨੇਲ ਰੀਮੂਲਰ' ਦੇ ਹੋਰ ਬਹੁਤ ਸਾਰੇ ਫਾਇਦੇ ਹੋ ਸਕਦੇ ਹਨ

ਨੇਲ ਪਾਲਿਸ਼ ਰਿਮੂਵਰ ਦੀ ਵਰਤੋਂ ਹਰ ਔਰਤ ਕਰਦੀ ਹੈ ਪਰ ਸਿਰਫ ਨੇਲ ਪਾਲਿਸ਼ ਹਟਾਉਣ ਲਈ ਨਹੀਂ ਸਗੋਂ ਇਹ ਹੋਰ ਵੀ ਬਹੁਤ ਕੰਮ ਆਉਂਦਾ ਹੈ। ਅੱਜ ਅਸੀਂ ਤੁਹਾਨੂੰ ਇਸ ਦੇ ਹੋਰ ਵੀ ਉਪਯੋਗ ਦੱਸਣ ਜਾ ਰਹੇ ਹਾਂ।

1. ਕਿਸੇ ਵੀ ਮੈਟਲ ਜਾਂ ਧਾਤੂ 'ਤੇ ਲੱਗੇ ਸਟਿੱਕਰ ਅਸਾਨੀ ਨਾਲ ਨਹੀਂ ਉਤਰਦੇ ਅਤੇ ਦੇਰ ਤੱਕ ਉਸ ਦੇ ਨਿਸ਼ਾਨ ਵੀ ਨਹੀਂ ਜਾਂਦੇ। ਰੂੰ 'ਤੇ ਰਿਮੂਵਰ ਲਗਾ ਕੇ ਉਸ ਜਗ੍ਹਾ 'ਤੇ ਰਗੜੋ ਨਿਸ਼ਾਨ ਮਿਟ ਜਾਵੇਗਾ।
2. ਸਿੱਲ ਅਤੇ ਧੁੱਲ ਮਿੱਟੀ ਦੇ ਕਾਰਣ ਸਾਡੇ ਚਮੜੇ ਦੇ ਬੂਟ ਖਰਾਬ ਹੋ ਜਾਂਦੇ ਹਨ, ਰੂ 'ਤੇ ਲੱਗੇ ਰਿਮੂਵਰ ਨੂੰ ਬੂਟਾਂ 'ਤੇ

ਯੂਥ ਵਿੰਗ 'ਆਪ' ਵੱਲੋਂ ਮੋਟਰਸਾਈਕਲ ਰੈਲੀ ਕੱਢੀ ਗਈ

ਵਿਧਾਇਕ ਲਖਬੀਰ ਸਿੰਘ ਰਾਏ ਨੇ ਕੀਤੀ ਮੋਟਰਸਾਈਕਲ ਰੈਲੀ ਦੀ ਅਗਵਾਈ

ਆਜ਼ਾਦ ਸੋਚ
ਸੁਨੀਲ ਵਰਮਾ
ਫਤਿਹਗੜ੍ਹ ਸਾਹਿਬ , 17 ਅਪ੍ਰੈਲ

ਆਮ ਆਦਮੀ ਪਾਰਟੀ ਫਤਿਹਗੜ੍ਹ ਸਾਹਿਬ ਦੇ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਦੇ ਯੂਥ ਵਿੰਗ ਵੱਲੋਂ ਮੋਟਰਸਾਈਕਲ ਰੈਲੀ ਕੱਢੀ ਗਈ, ਜਿਸ ਦੀ ਅਗਵਾਈ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਵੱਲੋਂ ਕੀਤੀ ਗਈ। ਇਹ ਰੈਲੀ ਐਮਐਲਏ ਦਫਤਰ ਫਤਿਹਗੜ੍ਹ ਸਾਹਿਬ ਤੋਂ ਰਵਾਨਾ ਹੋ ਕੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਸ਼੍ਰੀ ਫਤਿਹਗੜ੍ਹ ਸਾਹਿਬ, ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ, ਸਰਹਿੰਦ ਸ਼ਹਿਰ ਤੋਂ ਹੁੰਦੀ ਹੋਈ ਸਰਹਿੰਦ ਮੰਡੀ, ਫੁਆਰਾ ਚੌਂਕ, ਪੁਰਾਣੀ ਅਨਾਜ ਮੰਡੀ, ਰੇਲਵੇ ਓਵਰ ਬ੍ਰਿਜ ਤੋਂ ਹੁੰਦੀ ਹੋਈ ਨਵੀਂ ਅਨਾਜ ਮੰਡੀ, ਬੱਸ ਸਟੈਂਡ ਸਰਹਿੰਦ ਦੇ ਰਸਤੇ ਸਾਨੀਪੁਰ ਚੌਂਕ ਵਿੱਚ ਸਮਾਪਤ ਹੋ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਵੱਲੋਂ ਇਹ ਰੈਲੀ ਕੱਢੀ ਗਈ ਹੈ, ਨੌਜਵਾਨਾਂ ਦਾ ਜੋਸ਼ ਦੇਖ ਕੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਦੋ ਸਾਲਾਂ ਦੇ ਕਾਰਜਕਾਲ ਤੋਂ ਪ੍ਰਭਾਵਿਤ ਹਨ। ਉਨਾਂ ਨੂੰ ਪਤਾ ਹੈ ਕਿ ਕੇਂਦਰ ਦੇ ਵਿੱਚ 10 ਸਾਲ ਰਾਜ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਕੇਵਲ ਜੁਮਲੇਬਾਜ਼ਾਂ ਦੀ ਸਰਕਾਰ ਹੈ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵੱਲੋਂ ਵੀ ਪੰਜਾਬ ਦੇ ਉੱਤੇ ਬਰਾਬਰ ਬਰਾਬਰ ਰਾਜ ਕੀਤਾ ਗਿਆ ਹੈ।

ਪ੍ਰੰਤੂ ਇਨਾਂ ਨੇ ਜਨਤਾ ਦੇ ਹਿੱਤ ਵਿੱਚ ਕੁਝ ਨਹੀਂ ਕੀਤਾ। ਇਸ ਲਈ ਪੰਜਾਬ ਦੇ ਲੋਕ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਪਸੰਦ ਕਰਦੇ ਹਨ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਹਲਕਾ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ ਭਾਰੀ ਬਹੁਮਤ ਦੇ ਨਾਲ ਜਿਤਾ ਕੇ ਭੇਜਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ, ਜਗਜੀਤ ਸਿੰਘ ਰਿਉਣਾ, ਗੱਜਣ ਸਿੰਘ ਜਲਵੇੜਾ, ਗੁਰਸਤਿੰਦਰ ਸਿੰਘ ਜੱਲਾ, ਮਨਦੀਪ ਸਿੰਘ ਪੋਲਾ, ਅਮਨਦੀਪ ਸਿੰਘ, ਅਮਰਿੰਦਰ ਸਿੰਘ ਮੰਡੌਫਲ, ਅਸੀਸ ਕੁਮਾਰ ਅੱਤਰੀ, ਪ੍ਰਿਤਪਾਲ ਜੱਸੀ, ਬਲਵੀਰ ਸੋਢੀ, ਦਰਸ਼ਨ ਪੰਡਰਾਲੀ, ਰਮੇਸ਼ ਕੁਮਾਰ ਸੋਨੂੰ, ਗੁਰਮੇਲ ਸਿੰਘ ਪੰਡਰਾਲੀ, ਰਾਹੁਲ ਸ਼ਰਮਾ, ਨਭੀ ਸਰਹੰਦ, ਬਹਾਦਰ ਜਲਾਲ ਆਦਿ ਵੀ ਹਾਜ਼ਰ ਸਨ।

ਰੁੜਕੀ ਖੁਰਦ ਦੇ 42 ਸਾਲਾ ਕ੍ਰਿਸ਼ਨ ਲਾਲ ਦੀ ਭੇਦ ਭਰੇ ਹਾਲਾਤਾਂ ਚ ਮੌਤ

ਅਮਰਗੜ੍ਹ, 17 ਅਪ੍ਰੈਲ (ਕੁਲਵੰਤ ਸਿੰਘ ਮੁਹਾਲੀ): ਥਾਣਾ ਅਮਰਗੜ੍ਹ ਅਧੀਨ ਪੈਂਦੇ ਪਿੰਡ ਰੁੜਕੀ ਖੁਰਦ ਦੇ 42 ਸਾਲਾਂ ਕ੍ਰਿਸ਼ਨ ਲਾਲ ਦੀ ਭੇਦ ਭਰੇ ਹਾਲਾਤਾਂ ਵਿੱਚ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਥਾਣਾ ਅਮਰਗੜ੍ਹ ਦੇ ਮੁੱਖ ਅਫਸਰ ਇੰਸਪੈਕਟਰ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਪਿੰਡ ਰੁੜਕੀ ਖੁਰਦ ਵਿਖੇ ਇੱਕ ਵਿਅਕਤੀ ਦੀ ਮੌਤ ਹੋਣ ਸਬੰਧੀ ਜਾਣਕਾਰੀ ਪੁਲਿਸ ਨੂੰ ਜਾਣਕਾਰੀ ਮਿਲੀ ਸੀ। ਜਿਸ ਸਬੰਧੀ ਪੁਲਿਸ ਵੱਲੋਂ ਆਪਣੀ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਤੁਰੰਤ ਮੌਕੇ ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਮਲੇਰਕੋਟਲਾ ਦੇ ਸਿਵਲ ਹਸਪਤਾਲ ਦੇ ਮੋਰਚਰੀ ਹਾਊਸ ਵਿੱਚ ਜਮਾ ਕਰਵਾ ਦਿੱਤਾ। ਉਨਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਤਨੀ ਗਗਨਦੀਪ ਕੌਰ ਦੇ ਬਿਆਨ ਹੋ ਚੁੱਕੇ ਹਨ,ਉਸਦੇ ਦੇ ਮਤਾਬਿਕ ਪੜਤਾਲ ਉਪਰੰਤ ਜੋ ਨਤੀਜੇ ਸਾਹਮਣੇ ਆਉਣਗੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਹਿਚਾਣ 42 ਸਾਲਾ ਕ੍ਰਿਸ਼ਨ ਲਾਲ ਉਰਫ ਸੋਨੀ ਪੁੱਤਰ ਲੇਟ ਸ੍ਰੀ ਸ਼ਿੰਦਰ ਪਾਲ ਪਿੰਡ ਰੁੜਕੀ ਖੁਰਦ ਥਾਣਾ ਅਮਰਗੜ੍ਹ ਜਿਲ੍ਹਾ ਮਲੇਰਕੋਟਲਾ ਵਜੋਂ ਹੋਈ ਹੈ।ਮਿਰਤਕ ਆਪਣੇ ਪਿੱਛੇ ਆਪਣੀ ਪਤਨੀ ਸਮੇਤ ਇੱਕ ਦੋ ਕੁ ਸਾਲ ਦੀ ਬੱਚੀ ਨੂੰ ਛੱਡ ਗਿਆ ਹੈ।

ਬਾਬਾ ਬਚਨ ਸਿੰਘ ਕਾਰ ਸੇਵਾ ਗੁਰੂ ਕਾ ਬਾਗ ਵਾਲਿਆਂ ਨੇ ਗਿਆਨੀ ਰਘਬੀਰ ਸਿੰਘ ਨੂੰ ਸਿਰੋਪਾਓ ਨਾਲ ਕੀਤਾ ਸਨਮਾਨਿਤ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 17 ਅਪ੍ਰੈਲ

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਅੱਜ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਲਈ ਕਾਰ ਸੇਵਾ ਗੁਰੂ ਕਾ ਬਾਗ ਵਾਲੇ ਬਾਬਾ ਚਰਨ ਸਿੰਘ ਪਹੁੰਚੇ ਅਤੇ ਉਨ੍ਹਾਂ ਨੇ ਸਿੰਘ ਸਾਹਿਬ ਨੂੰ ਸਿਰੋਪਾਓ ਦੇ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਕਾਰ ਸੇਵਾ ਗੁਰੂ ਕਾ ਬਾਗ ਵਾਲੇ ਬਾਬਾ ਚਰਨ ਸਿੰਘ ਨੇ ਗੁਰੂ ਕਾ ਬਾਗ ਵਿਖੇ ਚੱਲ ਰਹੀ ਕਾਰ ਸੇਵਾ ਬਾਰੇ ਜਾਣਕਾਰੀ ਦਿੱਤੀ ਅਤੇ ਪੰਥਕ ਸੇਵਾਵਾਂ ਵਿਚ ਹਮੇਸ਼ਾ ਅੱਗੇ ਹੋ ਕੇ ਵਿਚਰਦੇ ਰਹਿਣ ਦੀ ਗੱਲ ਆਖੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਾਰ ਸੇਵਾ ਗੁਰੂ ਕਾ ਬਾਗ ਸੰਪਰਦਾ ਦੀ ਸੇਵਾ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਪਵਿੱਤਰ ਇਤਿਹਾਸਕ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ, ਸਰੋਵਰਾਂ ਅਤੇ ਸਰਾਵਾਂ ਦੇ ਨਿਰਮਾਣ ਵਿਚ ਕਾਰ ਸੇਵਾ ਗੁਰੂ ਕਾ ਬਾਗ ਸੰਪਰਦਾ ਦਾ ਸ਼ੁਰੂ ਤੋਂ ਹੀ ਅਹਿਮ ਯੋਗਦਾਨ ਰਿਹਾ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਇੰਚਾਰਜ ਸ. ਅਜੀਤ ਸਿੰਘ, ਜਸਪਾਲ ਸਿੰਘ ਅਤੇ ਭਗਵਾਨ ਸਿੰਘ ਵੀ ਹਾਜ਼ਰ ਸਨ।

ਨੰਬਰਦਾਰ ਯੂਨੀਅਨ ਪੰਜਾਬ ਵਲੋਂ ਨਵੇਂ ਆਏ ਤਹਿਸੀਲਦਾਰ ਪੁਨੀਤ ਬਾਂਸਲ ਦਾ ਸਵਾਗਤ

ਆਜ਼ਾਦ ਸੋਚ
ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ
ਸਮਾਣਾ , 17 ਅਪ੍ਰੈਲ

ਨੰਬਰਦਾਰ ਯੂਨੀਅਨ ਪੰਜਾਬ ਰਜਿ 643 ਦੇ ਜ਼ਿਲ੍ਹਾ ਪਟਿਆਲਾ ਦੇ ਕਾਰਜਕਾਰੀ ਪ੍ਰਧਾਨ ਤੇ ਪੰਜਾਬ ਕਮੇਟੀ ਮੈਂਬਰ ਗੁਰਦੇਵ ਸਿੰਘ ਆਲਮਪੁਰ ਅਤੇ ਜ਼ਿਲ੍ਹਾ ਪਟਿਆਲਾ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਸਮਾਣਾ ਤਹਿਸੀਲ ਵਿਖੇ ਨਵੇਂ ਆਏ ਤਹਿਸੀਲਦਾਰ ਪੁਨੀਤ ਬਾਂਸਲ ਦੇ ਚਾਰਜ ਸੰਭਾਲਣ ਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਦੇ ਹੋਏ ਸਨਮਾਨਿਤ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਗੁਰਦੇਵ ਆਲਮਪੁਰ ਵਲੋਂ ਤਹਿਸੀਲਦਾਰ ਸ਼੍ਰੀ ਬਾਂਸਲ ਨੂੰ ਨੰਬਰਦਾਰਾਂ ਨੂੰ ਆ ਰਹੀਆਂ ਮੁਸਕਲਾਂ ਸੰਬੰਧੀ ਜਾਣੂ ਕਰਵਾਇਆ ਗਿਆ। ਜਿਸ ਤੇ ਤਹਿਸੀਲਦਾਰ ਪੁਨੀਤ ਬਾਂਸਲ ਨੇ ਨੰਬਰਦਾਰ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਤਹਿਸੀਲ ਦੇ ਨੰਬਰਦਾਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਦਿਕੱਤ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਕਿਸੇ ਵੀ ਸਮੇਂ ਮਿਲ ਸਕਦੇ ਹਨ।ਇਸ ਮੌਕੇ ਨੰਬਰਦਾਰ ਅਜੈਬ ਸਿੰਘ ਫਹਿਤਮਾਜਰੀ ਮੀਤ ਪ੍ਰਧਾਨ ਪਟਿਆਲਾ,ਨੰਬਰਦਾਰ ਮਹਿੰਦਰ ਕੁਮਾਰ ਮਾਮਗੜ ਅਤੇ ਨੰਬਰਦਾਰ ਸੁਰਿੰਦਰ ਕੁਮਾਰ ਵੜੈਚਾਂ ਆਦਿ ਵੀ ਮੌਜੂਦ ਰਹੇ।

ਉਘੇ ਸਮਾਜ ਸੇਵੀ ਸੰਜੀਵ ਗੋਗਨਾ ਨੂੰ ਸਦਮਾ, ਮਾਤਾ ਦਾ ਹੋਇਆ ਦੇਹਾਂਤ

ਕੁਰਾਲੀ, 17 ਅਪ੍ਰੈਲ (ਹਰਜਿੰਦਰ ਭੰਗੂ) : ਕਾਂਗਰਸ ਪਾਰਟੀ ਦੇ ਨੌਜਵਾਨ ਆਗੂ ਸੰਜੀਵ ਗੋਗਨਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਮਾਤਾ ਕਮਲੇਸ਼ ਕੁਮਾਰੀ ਬੀਤੇ ਦਿਨੀ ਅਚਾਨਕ ਅਕਾਲ ਚਲਾਣਾ ਕਰ ਗਏ ਸਨ । ਇਸ ਦੁੱਖ ਦੀ ਘੜੀ ਵਿਚ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ, ਅਕਾਲੀ ਦਲ ਤੋਂ ਹਲਕਾ ਖਰੜ ਦੇ ਇੰਚਾਰਜ ਰਾਣਾ ਰਣਜੀਤ ਸਿੰਘ ਗਿੱਲ, ਕੌਂਸਲਰ ਅਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਜਸਵਿੰਦਰ ਸਿੰਘ ਗੋਲਡੀ, ਆਮ ਆਦਮੀ ਪਾਰਟੀ ਦੇ ਕੌਂਸਲਰ ਬਹਾਦਰ ਸਿੰਘ ਓਕੇ ਸਾਬਕਾ ਕੌਂਸਲਰ ਸ਼ਿਵ ਵਰਮਾਂ ਆਦਿ ਵੱਖ ਵੱਖ ਪਾਰਟੀ ਆਗੂਆਂ ਅਤੇ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਵੱਲੋਂ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਅਤੇ ਕਿਹਾ ਕਿ ਮਾਤਾ ਕਮਲੇਸ਼ ਕੁਮਾਰੀ ਦਾ ਅਚਾਨਕ ਅਕਾਲ ਚਲਾਣਾ ਕਰ ਜਾਣਾ ਗੋਗਨਾ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ, ਪਰ ਕੁਦਰਤ ਦੀ ਹੋਣੀ ਅੱਗੇ ਸਿਰ ਝੁਕਾਉਣਾ ਪੈਂਦਾ ਹੈ । ਕਿਉਂਕਿ ਕੁਦਰਤ ਦਾ ਨਿਯਮ ਹੈ ਕੇ ਜੋ ਜੀਵ ਇਸ ਸੰਸਾਰ ਵਿੱਚ ਆਇਆ ਹੈ ਉਸ ਨੇ ਇੱਕ ਨਾ ਇੱਕ ਦਿਨ ਇਸ ਸੰਸਾਰ ਨੂੰ ਅਲਵਿਦਾ ਕਹਿੰਦੇ ਹੋਏ ਜਾਣਾ ਹੈ । ਇਸ ਦੌਰਾਨ ਉਨ੍ਹਾਂ ਪ੍ਰਮਾਤਮਾ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਲਈ ਦੁਆ ਕੀਤੀ । ਇਸ ਮੌਕੇ ਸੰਜੀਵ ਗੋਗਨਾ ਨੇ ਦੱਸਿਆ ਕਿ ਸਵ. ਮਾਤਾ ਕਮਲੇਸ਼ ਕੁਮਾਰੀ ਦੀ ਆਤਮਿਕ ਸ਼ਾਂਤੀ ਲਈ ਡੇਰਾ ਬਾਬਾ ਗੁਸਾਈਆਣਾ ਨਜਦੀਕ ਰੇਲਵੇ ਸਟੇਸ਼ਨ ਵਿਖੇ 21 ਅਪ੍ਰੈਲ ਦਿਨ ਐਤਵਾਰ ਦੁਪਹਿਰ 12 ਤੋਂ 1 ਸਤਿਸੰਗ ਅਤੇ ਉਸਤੋਂ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਰੱਖੇ ਸ਼ ?ਰੀ ਗਰੁੜ ਪੁਰਾਣ ਜੀ ਦੇ ਭੋਗ ਪੈਣਗੇ । ਇਸ ਮੌਕੇ ਕੌਂਸਲਰ ਰਮਕਾਂਤ ਕਾਲੀਆਂ, ਕੌਂਸਲਰ ਭਾਵਨਾ ਸ਼ਰਮਾ, ਕੌਂਸਲਰ ਖੁਸ਼ਵੀਰ ਸਿੰਘ ਹੈਪੀ ਆਦਿ ਵੱਲੋਂ ਵੀ ਗੋਗਨਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ।

ਅਨਾਜ ਮੰਡੀ ਸਰਹਿੰਦ ਫਤਿਹਗੜ੍ਹ ਸਾਹਿਬ ਵਿਖੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਕਿਸਾਨਾਂ ਨਾਲ ਮੁਲਾਕਾਤ ਕਰਕੇ ਮੁਸ਼ਕਲਾਂ ਸੁਣਦੇ ਹੋਏ

ਆਜ਼ਾਦ ਸੋਚ
ਸੁਨੀਲ ਵਰਮਾ/ਜੇ ਐਸ ਖੰਨਾ
ਫਤਿਹਗੜ੍ਹ ਸਾਹਿਬ , 17 ਅਪ੍ਰੈਲ

ਕਿਸਾਨ ਕਣਕ ਦੀ ਫਸਲ ਸੁੱਕੀ ਤੇ ਸਾਫ ਸੁਥਰੀ ਲਿਆਉਣ ਕੋਈ ਮੁਸ਼ਕਲ ਨਹੀਂ ਆਵੇਗੀ:ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ

ਅੱਜ ਅਨਾਜ ਮੰਡੀ ਸਰਹਿੰਦ ਫਤਿਹਗੜ੍ਹ ਸਾਹਿਬ ਵਿੱਚ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮੰਡੀ ਵਿੱਚ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਸੰਤੋਸ਼ਜਨਕ ਹਨ ।ਸਰਕਾਰ ਵੱਲੋਂ ਕੀਤੇ ਜਾ ਰਹੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮਗਰੋਂ ਸ,ਢਿੱਲੋਂ ਨੇ ਕਿਹਾ ਕਿ ਕਿਸਾਨ ਭਰਾਵਾਂ ਨਾਲ ਗੱਲਬਾਤ ਕੀਤੀ ਗਈ ਅਤੇ ਫਸਲ ਖਰੀਦ ਸੰਬੰਧੀ ਜਾਣਕਾਰੀ ਲੈਂਦਿਆਂ ਪਤਾ ਲੱਗਿਆ ਕਿ ਜੋ ਜਿਮੀਂਦਾਰਾਂ ਵੱਲੋਂ ਕਾਹਲੀ ਨਾਲ ਗਿੱਲੀ ਫਸਲ ਲਿਆਂਦੀ ਗਈ ਹੈ ਉਹਨਾਂ ਨੂੰ ਫੜਾਂ ਵਿੱਚ ਫਸਲ ਸੁਕਾਉਣ ਲਈ ਸਮਾਂ ਲੱਗ ਰਿਹਾ ਹੈ ।12%ਤੋਂ ਵੱਧ ਨਮੀ ਵਾਲੀ ਕਣਕ ਦੀ ਫਸਲ ਲਿਆਉਣ ਵਾਲੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਨਮੀ ਦਾ ਖਿਆਲ ਹਰ ਹੀਲੇ ਰੱਖਿਆ ਜਾਵੇ ਤਾਂ ਜੋ ਪ੍ਰਬੰਧਕ ਅਧਿਕਾਰੀਆਂ ਨੂੰ ਕਿਸੇ ਤਰ੍ਹਾਂ ਦੀ ਸਿਫਾਰਸ਼ ਨਾ ਕਰਨੀ ਪਵੇ ਅਤੇ ਕਿਸਾਨਾਂ ਨੂੰ ਵੀ ਕੋਈ ਔਕੜ ਨਾ ਆਵੇ ।ਇਸ ਮੌਕੇ ਕਿਸਾਨਾਂ ਕੁਲਦੀਪ ਸਿੰਘ ਸੌਂਢਾ ਸਰਪੰਚ, ਸੁਖਵੰਤ ਸਿੰਘ ਵਜੀਰਨਗਰ, ਰਜਿੰਦਰ ਸਿੰਘ ਰਾਜੀ, ਨਿਰਮਲ ਸਿੰਘ ਸੀੜਾ ਤੇ ਗੁਰਮੀਤ ਸਿੰਘ ਨੇ ਸਰਕਾਰ ਅਤੇ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਵੱਲੋਂ ਕੀਤੇ ਪ੍ਰਬੰਧਾਂ ਤੇ ਤਸੱਲੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ।

ਜਿਸ ਸਿੱਖ ਸੁਕਾਅਰਡਨ ਲੀਡਰ ਦਲੀਪ ਸਿੰਘ ਨੇ ਮਾਅਰਕੇ ਵਾਲੇ ਉੱਦਮ ਕੀਤੇ, ਉਸਦੀ ਫੋਟੋ ਦਰਬਾਰ ਸਾਹਿਬ ਅਜਾਇਬ ਘਰ ਵਿਚ ਸੁਸੋਭਿਤ ਹੋਵੇ : ਮਾਨ

ਨਵੀਂ ਦਿੱਲੀ, 17 ਅਪ੍ਰੈਲ (ਸੁਖਰਾਜ ਸਿੰਘ): ਸਿੱਖ ਕੌਮ ਅਜਿਹੀ ਮਾਰਸ਼ਲ ਕੌਮ ਹੈ ਜਿਸਨੇ ਇੰਡੀਆਂ ਵਿਚ ਹੀ ਨਹੀ ਬਲਕਿ ਬਾਹਰਲੇ ਮੁਲਕਾਂ ਵਿਚ ਵੱਡੇ-ਵੱਡੇ ਜੋਖਮ ਭਰੇ ਅਤੇ ਬਹਾਦਰੀ ਵਾਲੇ ਕਾਰਨਾਮੇ ਕਰਕੇ ਸਿੱਖ ਕੌਮ ਦੇ ਸਤਿਕਾਰ ਤੇ ਪਿਆਰ ਵਿਚ ਸੰਸਾਰ ਪੱਧਰ ਤੇ ਵੱਡਾ ਵਾਧਾ ਕੀਤਾ ਹੈ । ਪਰ ਦੁੱਖ ਅਤੇ ਅਫਸੋਸ ਹੈ ਕਿ ਸਿੱਖ ਕੌਮ ਦਾ ਨਾਮ ਸੰਸਾਰ ਪੱਧਰ ਤੇ ਰੌਸਨ ਕਰਨ ਵਾਲੇ ਅਜਿਹੇ ਯਾਦਗਰੀ ਸਿੱਖਾਂ ਨੂੰ ਇੰਡੀਆਂ ਦੇ ਹੁਕਮਰਾਨ ਤਾਂ ਜਾਣਬੁੱਝ ਕੇ ਤਵੱਜੋ ਨਹੀ ਦਿੰਦੇ ਅਤੇ ਉਨ੍ਹਾਂ ਦੀਆਂ ਯਾਦਗਰਾਂ ਕਾਇਮ ਕਰਨ ਵਿਚ ਦਿਲਚਸਪੀ ਨਹੀ ਦਿਖਾਉਂਦੇ । ਪਰ ਜੋ ਸਾਡੀ ਆਪਣੀ ਕੌਮੀ ਧਾਰਮਿਕ ਸੰਸਥਾਂ ਐਸ.ਜੀ.ਪੀ.ਸੀ. ਹੈ । ਜਿਸਦੀ ਜਿੰਮੇਵਾਰੀ ਬਣਦੀ ਹੈ ਕਿ ਅਜਿਹੇ ਮਹਾਨ ਸਿੱਖਾਂ ਨੂੰ ਸੰਸਾਰ ਪੱਧਰ ਤੇ ਉਜਾਗਰ ਕਰਨ ਤੇ ਜਾਣਕਾਰੀ ਦੇਣ ਹਿੱਤ ਅਮਲ ਕਰੇ । ਪਰ ਐਸ.ਜੀ.ਪੀ.ਸੀ ਵੀ ਇਹ ਜਿੰਮੇਵਾਰੀ ਪੂਰਨ ਕਰਨ ਵਿਚ ਪੱਛੜੀ ਹੋਈ ਹੈ । ਜੋ ਕਿ ਗੈਰ ਜਿੰਮੇਵਰਾਨਾਂ ਅਮਲ ਹਨ । ਇਸ ਲਈ ਅਸੀ ਐਸ.ਜੀ.ਪੀ.ਸੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕਰਨੀ ਚਾਹਵਾਂਗੇ ਕਿ ਸੁਕਾਅਰਡਨ ਲੀਡਰ ਦਲੀਪ ਸਿੰਘ ਜੋ 103 ਸਾਲਾਂ ਦੇ ਹੋ ਕੇ ਰੁਦਰਪੁਰ (ਉਤਰਾਖੰਡ) ਵਿਚ ਪੂਰੇ ਹੋਏ ਹਨ, ਉਨ੍ਹਾਂ ਦੀ ਯਾਦਗਰੀ ਫੋਟੋ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਵਿਖੇ ਸੁਸੋਭਿਤ ਕੀਤੀ ਜਾਵੇ ਤਾਂ ਕਿ ਆਉਣ ਵਾਲੀਆ ਸਿੱਖ ਨਸ਼ਲਾਂ ਅਤੇ ਸੰਸਾਰ ਨਿਵਾਸੀਆਂ ਨੂੰ ਬਹਾਦਰ ਸਿੱਖਾਂ ਦੇ ਫਖ਼ਰ ਵਾਲੇ ਕਾਰਨਾਮਿਆ ਤੋਂ

ਸੰਪਾਦਕੀ

ਆਜ਼ਾਦ ਸੋਚ

ਵੋਟਰਾਂ 'ਚ ਬਦਲਾਅ ਦੀ ਚਾਹਤ

ਅਗਲੀ ਲੋਕ ਸਭਾ ਦੇ ਗਠਨ ਲਈ ਆਮ ਚੋਣਾਂ ਦੀਆਂ ਵਧਦੀਆਂ ਸਰਗਰਮੀਆਂ ਦੌਰਾਨ ਸਾਰੀਆਂ ਪਾਰਟੀਆਂ ਚੋਣ ਮਨੋਰਥ ਪੱਤਰਾਂ ਜ਼ਰੀਏ ਜਨਤਾ ਨੂੰ ਲੁਭਾਉਣ ਲਈ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕਰਨ ਵਿਚ ਰੁੱਝ ਗਈਆਂ ਹਨ। ਸਭਨਾਂ ਦਾ ਇਕ ਹੀ ਟੀਚਾ ਹੈ ਲੋਕਾਂ ਦਾ ਸਮਰਥਨ ਹਾਸਲ ਕਰਨਾ। ਰਾਜਨੀਤੀ ਵਿਚ ਕਿਉਂਕਿ ਭਰੋਸਾ ਬੜਾ ਅਹਿਮ ਹੁੰਦਾ ਹੈ। ਅਜਿਹੇ ਵਿਚ ਪਾਰਟੀ ਹਾਈ ਕਮਾਨਾਂ ਰਾਜ-ਭਾਗ ਵਿਚ ਭਾਗੀਦਾਰੀ ਲਈ ਯੋਗਤਾ ਜਾਂ ਤਜਰਬੇ ਦੀ ਜਗ ?ਹਾ ਉਮੀਦਵਾਰ ਦੇ ਤੌਰ 'ਤੇ ਵਿਸ਼ਵਾਸਪਾਤਰਾਂ ਨੂੰ ਤਲਾਸ਼ ਰਹੀਆਂ ਹਨ ਜੋ ਬਿਨਾਂ ਕਿਸੇ ਹੀਲ-ਹੁੱਜਤ ਦੇ ਸਬੰਧਤ ਪਾਰਟੀ ਦੀ ਲੀਡਰਸ਼ਿਪ ਪ੍ਰਤੀ 'ਵਫ਼ਾਦਾਰ' ਬਣੇ ਰਹਿਣ। ਦੂਜੇ ਪਾਸੇ ਜਨਤਾ ਨੂੰ ਭਰੋਸੇ ਵਿਚ ਲੈਣ ਲਈ 'ਨਿਆਂ' ਅਤੇ 'ਗਾਰੰਟੀ' ਵਰਗੇ ਜੁਮਲੇ ਛੱਡੇ ਜਾਣ ਲੱਗੇ ਹਨ। ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਨੌਜਵਾਨ, ਇਸਤਰੀਆਂ, ਮਜ਼ਦੂਰ, ਕਿਸਾਨ, ਗ਼ਰੀਬ ਆਦਿ ਤਬਕਿਆਂ ਲਈ ਤਰ੍ਹਾਂ-ਤਰ੍ਹਾਂ ਦੀ ਮੁਫ਼ਤ ਖੈਰਾਤ ਵੰਡਣ ਦਾ ਲਾਲਚ ਦੇਣ ਵਾਲੇ ਐਲਾਨਾਂ ਦੀ ਭਰਮਾਰ ਦਿਸ ਰਹੀ ਹੈ। ਇਸ ਤਰ੍ਹਾਂ ਦੇ ਵਾਅਦਿਆਂ ਨੂੰ ਜਨਤਾ ਦੀ ਭਲਾਈ ਦਾ ਨੁਸਖ਼ਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਮਸਲਨ ਨੌਕਰੀ ਲਈ ਮੌਕੇ ਦੇਣ, ਕਰਜ਼ੇ ਦੀ ਵਿਵਸਥਾ ਅਤੇ ਕਰਜ਼ਾ ਮਾਫ਼ ਕਰਨ, ਮਹਿਲਾਵਾਂ ਤੇ ਕਿਸਾਨਾਂ ਵਰਗੇ ਵੱਖ-ਵੱਖ ਵਰਗਾਂ ਲਈ ਰਕਮ ਦੇਣ ਅਤੇ ਜਾਤੀਗਤ ਜਨਗਣਨਾ ਕਰਵਾ ਕੇ ਸਭ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਜਾਤਪਾਤ, ਖੇਤਰ ਤੇ ਮਜ਼ਹਬ ਵਰਗੇ ਸਮਾਜ ਵਿਚ ਵੰਡ ਪਾਊ ਆਧਾਰਾਂ ਦਾ ਆਸਰਾ ਲੈ ਕੇ ਚੋਣਾਂ ਲੜਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦੀ ਭਰਮਾਉਣ ਵਾਲੀ ਰਾਜਨੀਤੀ ਖ਼ਤਰਨਾਕ ਹੈ। ਫਿਰ ਵੀ ਇਸ ਨੂੰ ਅੰਜਾਮ ਦੇਣ ਦੀ ਮੁਹਿੰਮ ਜਾਰੀ ਹੈ। ਸ਼ਰਾਬ, ਨਸ਼ੇ, ਸਹੂਲਤਾਂ ਅਤੇ ਰੁਪਏ-ਪੈਸੇ ਵੰਡ ਕੇ ਜਨਤਾ ਨਾਲ ਵੋਟ ਦੀ ਸੌਦੇਬਾਜ਼ੀ ਰਾਜਨੀਤੀ ਨੂੰ ਕਲੰਕਿਤ ਕਰ ਰਹੀ ਹੈ। ਨਵੇਂ ਮਾਹੌਲ ਵਿਚ ਹੁਣ ਸੰਸਦੀ ਚੋਣ ਲੜਨ ਵਾਲੇ ਉਮੀਦਵਾਰ ਨੂੰ ਵੀ ਕਰੋੜਪਤੀ ਹੋਣਾ ਜ਼ਰੂਰੀ ਹੋ ਗਿਆ ਹੈ। ਉਹ ਬਾਹੂਬਲੀ ਜਾਂ ਸ਼ੱਕੀ ਅਪਰਾਧੀ ਹੋਵੇ ਤਾਂ ਵੀ ਚੱਲਦਾ ਹੈ।

ਭਾਰਤ ਦੀ ਜਨਤਾ ਦੀ ਸਹਿਣਸ਼ੀਲਤਾ ਹੈ ਕਿ ਉਹ ਬੜੀ ਉਦਾਰਤਾ ਨਾਲ ਸਭ ਨੂੰ ਮੌਕਾ ਦਿੰਦੀ ਹੈ। ਚੋਣਾਂ ਵਿਚ ਸਫਲਤਾ ਹਾਸਲ ਕਰਨ ਤੋਂ ਬਾਅਦ ਨੇਤਾ ਅਕਸਰ ਸੱਤਾ ਦਾ ਸੁੱਖ ਭੋਗਣ ਲੱਗ ਜਾਂਦੇ ਹਨ। ਕੁਝ ਅਪਵਾਦਾਂ ਨੂੰ ਛੱਡ ਦੇਈਏ ਤਾਂ ਆਮ ਜਨਤਾ ਦੇ ਸੁੱਖ-ਦੁੱਖ 'ਤੇ ਉਨ੍ਹਾਂ ਦਾ ਧਿਆਨ ਘੱਟ ਹੀ ਜਾ ਪਾਉਂਦਾ ਹੈ। ਕੌੜਾ ਸੱਚ ਇਹ ਵੀ ਹੈ ਕਿ ਸਰਕਾਰ ਦੇ ਨੁਮਾਇੰਦੇ ਤੇ ਜਨਤਾ ਵਿਚਾਲੇ ਵੱਡਾ ਪਾੜਾ ਪੈ ਗਿਆ ਹੈ। ਇਹ ਇਕ ਤੱਥ ਹੈ ਕਿ ਆਮ ਲੋਕਾਂ ਤੇ ਨੇਤਾਵਾਂ ਵਿਚਾਲੇ ਵਿਚਾਰ-ਚਰਚਾ ਘਟਦੀ ਜਾ ਰਹੀ ਹੈ।

ਸਿਆਸੀ ਪਾਰਟੀਆਂ ਬਨਾਮ ਆਮ ਲੋਕ

ਭਾਰਤ ਦੀ 18ਵੀਂ ਲੋਕ ਸਭਾ ਦੇ 543 ਮੈਂਬਰਾਂ ਦੀ ਚੋਣ ਲਈ ਚੋਣ ਕਮਿਸ਼ਨ ਵੱਲੋਂ 19 ਅਪ੍ਰੈਲ ਤੋਂ 1 ਜੂਨ 2024 ਤੱਕ ਆਮ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ ਅਤੇ ਨਤੀਜੇ 4 ਜੂਨ 2024 ਨੂੰ ਘੋਸ਼ਿਤ ਕੀਤੇ ਜਾਣਗੇ। ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਲੋਕ ਸਭਾ ਦੀਆਂ ਚੋਣਾਂ ਵਿਲੱਖਣ ਹੋਣਗੀਆਂ ਜੋ ਸਭ ਤੋਂ ਵੱਧ ਖ਼ਰਚੀਲੀਆਂ, ਵਿਵਾਦਗ੍ਰਸਤ ਅਤੇ ਸਭ ਤੋਂ ਲੰਮੀਆਂ 44 ਦਿਨ ਚੱਲਣਗੀਆਂ। ਲੋਕ ਸਭਾ ਵਿਚ ਸਾਰੀਆਂ 543 ਸੀਟਾਂ 'ਤੇ ਬਹੁਮਤ ਲਈ 272 ਸੀਟਾਂ ਦੀ ਲੋੜ ਹੋਵੇਗੀ ਤੇ 1.4 ਬਿਲਿਅਨ ਦੀ ਆਬਾਦੀ ਵਿੱਚੋ 968 ਮਿਲੀਅਨ ਵਿਅਕਤੀ ਬਤੌਰ ਵੋਟਰ ਚੋਣਾਂ ਵਿਚ ਹਿੱਸਾ ਲੈਣਗੇ।

ਭਾਰਤ ਵਿਚ ਦੋ ਪ੍ਰਮੁੱਖ ਪਾਰਟੀਆਂ ਦੇ ਨਾਲ-ਨਾਲ ਇਕ ਬਹੁ-ਪਾਰਟੀ ਪ੍ਰਣਾਲੀ ਹੈ। ਭਾਰਤ ਦੇ ਸੰਵਿਧਾਨ ਦੇ ਆਰਟੀਕਲ 83 ਅਨੁਸਾਰ ਲੋਕ ਸਭਾ ਦੀਆਂ ਚੋਣਾਂ ਹਰ ਪੰਜ ਸਾਲਾਂ ਵਿਚ ਇਕ ਵਾਰ ਹੋਣੀਆਂ ਲਾਜ਼ਮੀ ਹਨ। ਭਾਰਤ ਦੇ ਚੋਣ ਕਮਿਸ਼ਨ ਅਨੁਸਾਰ 2024 ਦੀਆਂ ਚੋਣਾਂ 'ਚੋਣਾਂ ਦਾ ਪਰਵ' ਅਤੇ 'ਦੇਸ਼ ਦਾ ਗੌਰਵ' ਭਾਵ ਲੋਕ ਸਭਾ ਦੀਆਂ ਚੋਣਾਂ, ਇਕ ਤਿਉਹਾਰ ਅਤੇ ਰਾਸ਼ਟਰ ਦਾ ਮਾਣ ਹਨ। ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29-ਏ ਅਤੇ ਚੋਣ ਨਿਯਮਾਂ 1961 ਅਨੁਸਾਰ ਚੋਣਾਂ ਵਿਚ ਹਿੱਸਾ ਲੈਣ ਲਈ ਹਰੇਕ ਸਿਆਸੀ ਪਾਰਟੀ ਨੂੰ ਚੋਣ ਕਮਿਸ਼ਨ ਕੋਲ ਆਪਣੀ ਪਾਰਟੀ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ। ਚੋਣ ਕਮਿਸ਼ਨ ਦੀ ਤਾਜ਼ਾ ਪ੍ਰਕਾਸ਼ਨਾ (15 ਮਈ 2023) ਅਨੁਸਾਰ 6 ਰਾਸ਼ਟਰੀ, 54 ਸਟੇਟ/ਖੇਤਰੀ ਅਤੇ 2597 ਰਜਿਸਟਰਡ ਪਰ ਗ਼ੈਰ ਮਾਨਤਾ ਪ੍ਰਾਪਤ ਪਾਰਟੀਆਂ ਹਨ। ਭਾਰਤ ਦੇ ਚੋਣ ਕਮਿਸ਼ਨ ਦੇ ਉਦੇਸ਼ ਮਾਪਦੰਡਾਂ ਦੇ ਆਧਾਰ 'ਤੇ ਰਾਸ਼ਟਰੀ ਤੇ ਰਾਜ/ਖੇਤਰੀ ਪੱਧਰੀ ਵਜੋਂ ਸਿਆਸੀ ਪਾਰਟੀਆਂ ਨੂੰ ਚੋਣ ਕਮਿਸ਼ਨ ਮਾਨਤਾ ਦਿੰਦਾ ਹੈ। ਇਕ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਇਕ ਪਾਰਟੀ ਚਿੰਨ੍ਹ, ਸਰਕਾਰੀ ਟੈਲੀਵਿਜ਼ਨ ਅਤੇ ਰੇਡੀਓ 'ਤੇ ਮੁਫ਼ਤ ਪ੍ਰਸਾਰਨ ਸਮਾਂ, ਚੋਣ ਤਰੀਕਾਂ ਦੀ ਸਥਾਪਨਾ ਵਿਚ ਸਲਾਹ-ਮਸ਼ਵਰਾ, ਚੋਣ ਨਿਯਮਾਂ ਅਤੇ ਚੋਣ ਨਿਯਮਾਂ ਨੂੰ ਨਿਰਧਾਰਤ ਕਰਨ ਲਈ ਇਨਪੁੱਟ ਦੇਣ ਵਰਗੇ ਅਭਿਆਸਾਂ ਦਾ ਪ੍ਰਯੋਗ ਕਰ ਸਕਦੀ ਹੈ।

ਚੋਣ ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਰਾਸ਼ਟਰੀ ਤੇ ਖੇਤਰੀ ਪਾਰਟੀ ਨੂੰ ਮਿੱਥੇ ਮਾਪਦੰਡਾਂ ਦੇ ਆਧਾਰ 'ਤੇ ਅਪਗ੍ਰੇਡ ਜਾਂ ਡਾਊਨਗ੍ਰੇਡ ਕੀਤਾ ਜਾ ਸਕਦਾ ਹੈ। ਚੋਣ ਕਮਿਸ਼ਨ ਵੱਲੋਂ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 29-ਏ ਅਧੀਨ ਨਵੀਆਂ ਰਾਜਨੀਤਕ ਪਾਰਟੀਆਂ ਦੀ ਰਜਿਸਟ ?ਰੇਸ਼ਨ ਲਈ ਆਨਲਾਈਨ ਰਜਿਸਟ ?ਰੇਸ਼ਨ ਟਰੈਕਿੰਗ ਮੈਨੇਜਮੈਂਟ ਸਿਸਟਮ ਵੀ ਵਿਕਸਤ ਕੀਤਾ ਹੈ। ਚੋਣ ਕਮਿਸ਼ਨ ਦੇ ਹੁਕਮਾਂ ਰਾਹੀਂ ਪਾਰਟੀਆਂ ਦੀ ਰਜਿਸਟ ?ਰੇਸ਼ਨ ਲਈ ਪਾਰਟੀਆਂ ਦਾ ਆਪਣਾ ਸੰਵਿਧਾਨ, ਸੰਗਠਨਾਤਮਕ ਚੋਣ ਅਤੇ ਪਾਰਟੀ ਫੰਡਾਂ ਤੇ ਚੋਣ ਖ਼ਰਚਿਆਂ ਦਾ ਲਿਖਤੀ ਵੇਰਵਾ ਦੇਣਾ ਲਾਜ਼ਮੀ ਹੈ ਤਾਂ ਕਿ ਪਾਰਟੀਆਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਨਿਰਧਾਰਤ ਕੀਤੀ ਜਾ ਸਕੇ। ਨਿਸ਼ਚੇ ਹੀ ਭਾਰਤ ਦਾ ਚੋਣ ਕਮਿਸ਼ਨ ਰਾਜਨੀਤਕ ਪਾਰਟੀਆਂ ਨੂੰ ਮਾਨਤਾ ਦੇਣ ਤੇ ਰੱਦ ਕਰਨ ਦੇ ਸਮਰੱਥ ਹੈ।

ਭਾਵੇਂ ਭਾਰਤ ਦੀ ਰਾਜਨੀਤੀ ਬਹੁ-ਪਾਰਟੀ ਸਿਸਟਮ ਉੱਤੇ ਆਧਾਰਤ ਹੈ ਪਰ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਭਾਰਤ ਦੀ ਰਾਜਨੀਤੀ ਦੋ ਮੁੱਖ ਗੱਠਜੋੜਾਂ ਦੇ ਉੱਭਰਨ ਨਾਲ ਬੜੀ ਤੇਜ਼ੀ ਨਾਲ ਦੋ ਧਰੁਵੀ ਹੋ ਗਈ ਹੈ। ਮੌਜੂਦਾ ਹਾਕਮ ਧਿਰ, ਰਾਸ਼ਟਰੀ ਜਮਹੂਰੀ ਗੱਠਜੋੜ (ਐੱਨਡੀਏ) ਅਤੇ ਕਾਂਗਰਸ ਦੀ ਅਗਵਾਈ ਵਿਚ ਵਿਰੋਧੀ ਧਿਰ ਦਾ ਇੰਡੀਆ ਸਮੂਹ ਹੈ। ਸੋ, ਇਨ੍ਹਾਂ ਦੋਵਾਂ ਗੱਠਜੋੜਾਂ ਵੱਲੋਂ ਮੁੱਖ ਤੌਰ 'ਤੇ ਸਾਲ 2024 ਦੀਆਂ ਚੋਣਾਂ ਲੜੀਆਂ ਜਾ ਰਹੀਆਂ ਹਨ। ਚਾਹਵਾਨ ਉਮੀਦਵਾਰ ਚੋਣਾਂ ਲੜਨ ਪ੍ਰਤੀ ਐਨੇ ਉਤਾਵਲੇ ਹਨ ਕਿ ਉਹ ਇਕ ਪਾਰਟੀ ਤੋਂ ਦੂਜੀ ਅਤੇ ਦੂਜੀ ਤੋਂ ਤੀਜੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਭਾਰਤ ਦੇ ਲੋਕ ਤੇ ਵਿਸ਼ੇਸ਼ ਕਰਕੇ ਵੋਟਰ ਸ਼ਸ਼ੋਪੰਜ ਵਿਚ ਹਨ ਕਿ ਕਿਹੜੀ ਪਾਰਟੀ ਦੀ ਕਿਹੜੀ ਵਿਚਾਰਧਾਰਾ ਜਾਂ ਕਿਸ ਗੱਠਜੋੜ ਦੀ ਵਿਚਾਰਧਾਰਾ ਅਤੇ ਉਮੀਦਵਾਰਾਂ ਨੂੰ ਚੋਣਾਂ ਦੌਰਾਨ ਵੋਟਾਂ ਪਾਉਣ। ਸਿਆਸੀ ਪਾਰਟੀਆਂ ਤੇ ਦੋ-ਧਰੁਵੀ ਗੱਠਜੋੜਾਂ ਵੱਲੋਂ ਜਾਰੀ ਆਪਣੇ ਚੋਣ ਮੈਨੀਫੈਸਟੋ ਵਿਚ ਕੀਤੇ ਗਏ ਚੋਣ ਵਾਅਦਿਆਂ, ਐਲਾਨੀਆਂ ਗਈਆਂ ਗਾਰੰਟੀਆਂ, ਦਿੱਤੀਆਂ ਜਾਣ ਵਾਲੀਆਂ ਮੁਫ਼ਤ ਸਹੂਲਤਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਚੋਣ ਏਜੰਡੇ ਜਾਂ ਮੈਨੀਫੈਸਟੋ ਵਿਚ ਮਾਨਵੀ ਮੁੱਦੇ ਜਿਵੇਂ ਰੁਜ਼ਗਾਰ, ਜਨਤਕ ਸਿਹਤ, ਵਾਤਾਵਰਨ ਦੀ ਸੰਭਾਲ, ਭਾਰਤ ਦੇ ਸੰਵਿਧਾਨ, ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਦੀ ਸੰਭਾਲ ਅਤੇ ਰਖਵਾਲੀ ਗਾਇਬ ਹਨ।

ਅਜਿਹੇ ਮੁੱਦੇ ਅਤੇ ਬਿਰਤਾਂਤ ਘੜੇ ਜਾ ਰਹੇ ਹਨ ਜਿਨ੍ਹਾਂ ਦਾ ਭਾਰਤ ਦੇ ਲੋਕਾਂ ਅਤੇ ਵੋਟਰਾਂ ਨਾਲ ਕੋਈ ਵਾਸਤਾ ਨਹੀਂ। ਇਹ ਤ੍ਰਾਸਦੀ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਆਪਣੇ ਚੋਣ ਖ਼ਰਚਿਆਂ ਦਾ 80% ਤੋਂ ਵਧੇਰੇ ਹਿੱਸਾ ਆਪਣੀ ਪਾਰਟੀ ਦੀਆਂ ਖ਼ਾਮੀਆਂ ਨੂੰ ਛੁਪਾਉਣ ਲਈ ਖ਼ਰਚਿਆ ਜਾ ਰਿਹਾ ਹੈ। ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਲਈ ਆਪਣੇ ਚੋਣ ਹਲਕੇ ਦੇ ਲੋਕ ਜਾਂ ਵੋਟਰ ਮਹੱਤਤਾ ਨਹੀਂ ਰੱਖਦੇ ਸਗੋਂ ਉਨ੍ਹਾਂ ਲਈ ਤਾਂ ਉਨ੍ਹਾਂ ਦਾ ਆਪਣਾ ਪਰਿਵਾਰ, ਸਿਆਸੀ ਪਾਰਟੀ ਅਤੇ ਪਾਰਟੀ ਸੁਪਰੀਮੋ ਹੀ ਸਭ ਕੁਝ ਹਨ। ਸਿਆਸੀ ਰੋਲ-ਘਚੋਲੇ ਤੋਂ ਇਲਾਵਾ ਮੌਜੂਦਾ ਚੋਣਾਂ ਵਿਚ ਭਾਰਤ ਦੇ ਚੋਣ ਕਮਿਸ਼ਨ ਦੀ ਭੂਮਿਕਾ ਤੇ ਭਰੋਸੇਯੋਗਤਾ ਵੀ ਸ਼ੱਕ ਦੇ ਘੇਰੇ ਵਿਚ ਹੈ। ਭਾਰਤ ਦੇ ਲੋਕਾਂ ਵਿਚ ਇਹ ਤੌਖ਼ਲਾ ਹੈ ਕਿ ਇਸ ਵਾਰ ਦੀਆਂ ਚੋਣਾਂ ਦੁਨੀਆ ਦੀਆਂ ਸਭ ਤੋਂ ਵੱਧ ਭਿ ?ਰਸ਼ਟ ਤੇ ਖ਼ਰਚੀਲੀਆਂ ਹੋਣਗੀਆਂ। ਲੋਕਾਂ ਦੇ ਇਸ ਤੌਖਲੇ ਨੂੰ ਚੋਣ ਕਮਿਸ਼ਨ ਵੀ ਨਵਿਰਤ ਕਰਨ ਵਿਚ ਬਹੁਤਾ ਕਾਮਯਾਬ ਨਹੀਂ ਹੋ ਰਿਹਾ। ਭਾਰਤ ਦੇ ਲੋਕਾਂ ਦਾ ਤੌਖਲਾ ਹੈ ਕਿ ਇਸ ਵਾਰ ਦੀਆਂ ਚੋਣਾਂ ਇਕ ਮੈਚ ਫਿਕਸਿੰਗ ਵਾਂਗ ਹਨ। ਕਾਰਨ ਇਹ ਹਨ ਕਿ ਵੋਟਰ ਸੂਚੀਆਂ ਵਿਚ ਜਾਅਲੀ ਵੋਟਰਾਂ ਦੀ ਭਰਮਾਰ ਹੈ, ਈਵੀਐੱਮਜ਼ ਰਾਹੀਂ ਵੋਟਾਂ ਦੀ ਪੋਲਿੰਗ ਤੇ ਗਿਣਤੀ ਨੂੰ ਹਾਕਮ ਧਿਰ ਆਪਣੇ ਮਨਸੂਬਿਆਂ ਅਨੁਸਾਰ ਤੋੜ-ਮਰੋੜ ਸਕਦੀ ਹੈ।

ਪੰਦਰਾਂ ਫਰਵਰੀ 2024 ਨੂੰ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਹੈ ਕਿ ਜੋ ਚੋਣ ਬਾਂਡ ਪ੍ਰਣਾਲੀ 2017 ਵਿਚ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਸੀ ਤੇ ਉਹ ਸਿਆਸੀ ਪਾਰਟੀਆਂ ਨੂੰ ਗੁਮਨਾਮ ਅਤੇ ਸੀਮਾਵਾਂ ਤੋਂ ਬਿਨਾਂ ਚੋਣ ਚੰਦਾ ਲੈਣ ਦੀ ਆਗਿਆ ਦਿੰਦੀ ਸੀ, ਗ਼ੈਰ ਸੰਵਿਧਾਨਕ ਹੈ। ਇਲੈਕਟਰੋਲ ਬਾਂਡ ਸਕੀਮ ਭਿ ?ਰਸ਼ਟ ਚੋਣ ਫੰਡ ਘਪਲਾ ਹੈ ਜਿਸ ਵਿਚ ਹਰੇਕ ਰਾਸ਼ਟਰੀ ਤੇ ਖੇਤਰੀ

ਸਿਆਸੀ ਪਾਰਟੀ ਸ਼ਾਮਲ ਹੈ। ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29-ਏ ਅਨੁਸਾਰ ਸਿਰਫ਼ ਬੈਂਕ ਚੈੱਕ ਜਾਂ ਡਿਜੀਟਲ ਭੁਗਤਾਨ ਦੇ ਰੂਪ ਵਿਚ ਯੋਗਦਾਨ ਜਾਂ ਦਾਨ ਟੈਕਸਯੋਗ ਵਿਚ ਕਟੌਤੀ ਲਈ ਯੋਗ ਹੈ। ਸੈਂਟਰ ਫਾਰ ਮੀਡੀਆ ਸਟੱਡੀਜ਼ ਅਨੁਸਾਰ 2019 ਦੀਆਂ ਭਾਰਤ ਦੀਆਂ 17ਵੀਆਂ ਲੋਕ ਸਭਾ ਚੋਣਾਂ ਦੌਰਾਨ 55000 ਕਰੋੜ ਖ਼ਰਚ ਆਇਆ ਸੀ। ਖ਼ਦਸ਼ਾ ਹੈ ਕਿ ਇਸ ਵਾਰ ਇਹ ਖ਼ਰਚਾ 80000 ਕਰੋੜ ਨੂੰ ਪਾਰ ਕਰੇਗਾ। ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰਿਫਾਰਮਜ਼ ਅਨੁਸਾਰ 2004-05 ਤੋਂ 2014-15 ਦੌਰਾਨ ਸਿਆਸੀ ਪਾਰਟੀਆਂ ਦੁਆਰਾ ਹਾਸਲ ਆਮਦਨ ਅਤੇ ਯੋਗਦਾਨ ਦਾ 69% ਹਿੱਸਾ ਅਣਦੱਸੇ ਸਰੋਤਾਂ ਤੋਂ ਆਇਆ ਹੈ। ਸਿਆਸੀ ਪਾਰਟੀਆਂ ਇਕ ਜਨਤਕ ਅਥਾਰਟੀ ਦੇ ਤੌਰ 'ਤੇ ਸੂਚਨਾ ਦਾ ਅਧਿਕਾਰ ਕਾਨੂੰਨ ਦੇ ਘੇਰੇ ਵਿਚ ਆਉਣ ਅਤੇ ਚੋਣ ਸੁਧਾਰਾਂ ਨੂੰ ਲਾਗੂ ਕਰਨ ਲਈ ਰਜ਼ਾਮੰਦ ਨਹੀਂ ਹਨ।

ਵੋਟਰ ਸੂਚੀਆਂ ਦੀ ਸ਼ੁੱਧਤਾ, ਵੋਟਾਂ ਪਾਉਣ, ਵੋਟਾਂ ਦੀ ਗਿਣਤੀ ਦੀਆਂ ਪ੍ਰਕਿਰਿਆਵਾਂ ਤੇ ਆਦਰਸ਼ ਚੋਣ ਜ਼ਾਬਤੇ ਨੂੰ ਬਿਨਾਂ ਪੱਖਪਾਤ ਦੇ ਚੋਣ ਕਮਿਸ਼ਨ ਵੱਲੋਂ ਲਾਗੂ ਕਰਨ ਦੀ ਵਚਨਬੱਧਤਾ ਵੀ ਸ਼ੱਕ ਦੇ ਘੇਰੇ ਵਿਚ ਹੈ। ਭਾਰਤ ਦੀ ਰਾਜਨੀਤੀ ਅਤੇ ਚੋਣ ਪ੍ਰਣਾਲੀ 'ਚ ਅਪਰਾਧੀਆਂ ਨੂੰ ਸਿਆਸੀ ਸਰਪ੍ਰਸਤੀ ਤੇ ਸੁਰੱਖਿਆ ਦੇਣ ਦੀ ਵਧਦੀ ਦੌੜ ਲੋਕਤੰਤਰ ਨੂੰ ਖੋਰਾ ਲਾ ਰਹੀ ਹੈ। ਚੋਣਾਂ ਇਕ ਪਰਵ ਜਾਂ ਤਿਉਹਾਰ ਦੀ ਬਜਾਏ ਜੰਗ ਦਾ ਮੈਦਾਨ ਬਣ ਗਈਆਂ ਹਨ ਜਿਸ ਵਿਚ ਭਾਰਤ ਦੇ ਲੋਕ ਲਾਚਾਰ ਨਜ਼ਰ ਆ ਰਹੇ ਹਨ। ਲੋਕਾਂ ਦਾ ਜਾਗਰੂਕ ਅਤੇ ਸੰਗਠਿਤ ਹੋਣਾ ਜ਼ਰੂਰੀ ਹੈ।

ਜ਼ਰੂਰਤ ਹੈ ਕਿ ਲੋਕ ਸਿਵਲ ਸੁਸਾਇਟੀਜ਼, ਐੱਨਜੀਓਜ਼ ਅਤੇ ਪ੍ਰੈਸ਼ਰ ਗਰੁੱਪਾਂ ਵਜੋਂ ਵਿਚਰਨ। ਸਿਆਸੀ ਪਾਰਟੀਆਂ ਅਤੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਚੋਣ ਚੰਦਾ ਅਤੇ ਹੋਰ ਮਦਦ ਦੇਣੀ ਬੰਦ ਕੀਤੀ ਜਾਵੇ। ਉਨ੍ਹਾਂ ਦੇ ਚੋਣ ਪ੍ਰਚਾਰ ਦਾ ਹਿੱਸਾ ਨਾ ਬਣਿਆ ਜਾਵੇ ਅਤੇ ਉਨ੍ਹਾਂ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਲੋਕਾਂ ਪ੍ਰਤੀ ਜਵਾਬਦੇਹ ਹੋਣ। ਸਰਕਾਰਾਂ ਅਤੇ ਲੋਕਾਂ ਦੇ ਨੁਮਾਇੰਦਿਆਂ ਨੂੰ ਵੀ ਯਾਦ ਰੱਖਣਾ ਹੋਵੇਗਾ ਕਿ ਉਹ ਨਾ ਤਾਂ ਦੇਸ਼ ਦੇ ਕਾਨੂੰਨ ਤੋਂ ਉਚੇਰੇ ਹਨ ਅਤੇ ਨਾ ਹੀ ਲੋਕਾਂ ਤੋਂ ਵਡੇਰੇ ਹਨ। ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ :

"ਸਮੇਂ ਨਾਲ ਬਦਲੋਗੇ ਤਾਂ ਮੌਸਮ ਬਣੋਗੇ, ਅਗਰ ਚੁੱਪ ਰਹੋਗੇ ਤਾਂ ਮਾਤਮ ਬਣੋਗੇ,

ਬਣੋਗੇ ਜਾ ਗ਼ਮ ਵਿਚ ਕਿਸੇ ਦਾ ਸਾਥੀ ਤਾਂ ਸੰਗੀਤ ਦੀ ਕੋਈ ਸਰਗਮ ਬਣੋਗੇ,

ਬਣਕੇ ਦੀਵਾਰ ਜੇ ਰੋਕੋਗੇ ਰਸਤਾ, ਤਾਂ ਕੋਈ ਬੇਦਰਦ ਹਾਕਮ ਬਣੋਗੇ।

-ਤਰਲੋਚਨ ਸਿੰਘ ਭੱਟੀ

-(ਲੇਖਕ ਸਾਬਕਾ ਪੀਸੀਐੱਸ ਅਧਿਕਾਰੀ ਹੈ)

ਲੋਕਰਾਜ ਦੇ ਵਿਗਾੜ ਅਤੇ ਇਸ ਦਾ ਇਲਾਜ

ਸੁੱਚਾ ਸਿੰਘ ਖੱਟੜਾ

ਮੁੱਦੇ ਦਾ ਓ ਅ ਲੋਕਰਾਜ ਕੇਵਲ ਵਿਚਾਰ ਨਹੀਂ ਹੈ। ਲੋਕਰਾਜ ਅਮੂਰਤ ਨਹੀਂ ਹੈ। ਲੋਕਰਾਜ ਪਦਾਰਥਕ ਹੋਂਦ, ਹੈਸੀਅਤ ਅਤੇ ਵਜੂਦ ਹੈ। ਪਾਰਲੀਮੈਂਟ ਤੋਂ ਹੇਠਾਂ ਪੰਚਾਇਤਾ

ਸਮੂਹ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਵਾਲੇ ਦਿਨ ਵੋਟਰਾਂ ਅਤੇ ਚੋਣ ਅਮਲੇ ਨੂੰ ਗਰਮੀ ਤੇ ਲੂ ਤੋਂ ਬਚਾਉਣ ਲਈ ਯੋਗ ਪ੍ਰਬੰਧਨ ਕਰਨ ਦੇ ਆਦੇਸ਼

ਆਜ਼ਾਦ ਸੋਚ, ਬਲਵਿੰਦਰ ਸਿੰਘ, ਸੰਗਰੂਰ, 17 ਅਪ੍ਰੈਲ :

ਜੂਨ ਮਹੀਨੇ ਵਿੱਚ ਪੈਣ ਵਾਲੀ ਗਰਮੀ ਅਤੇ ਲੂ ਦੇ ਮੱਦੇਨਜ਼ਰ ਪੋਲਿੰਗ ਸਟੇਸ਼ਨਾਂ ਵਿਖੇ ਵੋਟਰਾਂ ਅਤੇ ਚੋਣ ਅਮਲੇ ਦੀ ਸੁਵਿਧਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਯੋਜਨਾਬੱਧ ਢੰਗ ਨਾਲ ਪ੍ਰਬੰਧ ਕਰਨ ਲਈ ਮੁਢਲੇ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ ਹਨ। ਇਸ ਸਬੰਧੀ ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ ਨੇ ਸਮੂਹ ਸਹਾਇਕ ਰਿਟਰਨਿੰਗ ਅਧਿਕਾਰੀਆਂ, ਸਿਵਲ ਸਰਜਨ ਅਤੇ ਤਹਿਸੀਲਦਾਰ ਚੋਣਾਂ ਨਾਲ ਵਿਸਤ੍ਰਿਤ ਮੀਟਿੰਗ ਕੀਤੀ ਅਤੇ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹੀਟ ਵੇਵ ਨਾਲ ਨਜਿੱਠਣ ਲਈ ਜਾਰੀ ਕੀਤੀਆਂ ਤਾਜ਼ਾ ਹਦਾਇਤਾਂ ਬਾਰੇ ਜਾਣੂ ਕਰਵਾਇਆ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ 1 ਜੂਨ ਨੂੰ ਵੋਟਾਂ ਵਾਲੇ ਦਿਨ ਗਰਮੀ ਤੇ ਲੂ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਹਰੇਕ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਲਈ ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ, ਛਾਂ ਅਤੇ ਹਵਾ ਦੇ ਪ੍ਰਬੰਧ ਵਜੋਂ ਸ਼ਾਮਿਆਨੇ, ਪੱਖੇ, ਹਾਈਡਰੇਸ਼ਨ ਸਟੇਸ਼ਨ ਜਿਵੇਂ ਸ਼ਰਬਤ, ਨਿੰਬੂ ਪਾਣੀ ਆਦਿ, ਜੋ ਵੀ ਉਪਲਬਧ ਕੀਤਾ ਜਾ ਸਕਦਾ ਹੋਵੇ, ਪੋਲਿੰਗ ਸਟੇਸ਼ਨ ਵਿਖੇ ਹੀ ਦਿਵਿਆਂਗ ਵੋਟਰਾਂ ਲਈ ਹਵਾਦਾਰ ਉਡੀਕ ਕਮਰੇ ਦੀ ਉਪਲਬਧਤਾ ਸਮੇਤ ਹੋਰ ਪ੍ਰਬੰਧਾਂ ਨੂੰ

ਸਮੇਂ ਸਿਰ ਨੇਪਰੇ ਚੜ੍ਹਾਉਣਾ ਯਕੀਨੀ ਬਣਾਇਆ ਜਾਵੇ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਲੋਕ ਹਿੱਤ ਵਿੱਚ ਜ਼ਿਲ੍ਹੇ ਦੇ ਸਮੂਹ ਵੋਟਰਾਂ ਨੂੰ ਵੀ ਅਪੀਲ ਕੀਤੀ ਹੈ ਕਿ 1 ਜੂਨ ਨੂੰ ਵੋਟਾਂ ਵਾਲੇ ਦਿਨ ਗਰਮੀ ਅਤੇ ਲੂ ਜਿਹੀ ਸਥਿਤੀ ਤੋਂ ਬਚਾਅ ਲਈ ਅਹਿਤਿਆਤ ਵਜੋਂ ਸਵੇਰੇ 8 ਵਜੇ ਵੋਟਾਂ ਪਾਉਣ ਦੀ ਪ੍ਰਕਿਰਿਆ ਸ਼ੁਰੂ ਹੋਣ ਦੇ ਮੁਢਲੇ ਕੁਝ ਘੰਟਿਆਂ ਅੰਦਰ ਹੀ ਵੋਟ ਪਾਉਣ ਦੇ ਅਧਿਕਾਰ ਦਾ ਇਸਤੇਮਾਲ ਕਰ ਲਿਆ ਜਾਵੇ ਤਾਂ ਜੋ ਵੋਟਰਾਂ ਨੂੰ ਲੰਬਾ ਸਮਾਂ ਕਤਾਰਾਂ ਵਿੱਚ ਨਾ ਖੜ੍ਹਨਾ ਪਵੇ ਜਿਸ ਨਾਲ ਗਰਮੀ ਤੇ ਲੂ ਕਾਰਨ ਸਿਹਤ 'ਤੇ ਕੋਈ ਮਾੜਾ ਪ੍ਰਭਾਵ ਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਅਹਿਤਿਆਤ ਵਜੋਂ ਵੋਟਰ ਆਪਣੇ ਸਿਰ ਜਾਂ ਚਿਹਰੇ 'ਤੇ ਕੋਈ ਕੱਪੜਾ ਵੀ ਲੈ ਸਕਦੇ ਹਨ, ਤਾਂ ਜੋ ਤਿੱਖੀ ਧੁੱਪ ਤੋਂ ਬਚਿਆ ਜਾ ਸਕੇ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵੋਟਾਂ ਵਾਲੇ ਦਿਨ ਪੋਲਿੰਗ ਸਟੇਸ਼ਨਾਂ 'ਤੇ ਆਸ਼ਾ ਵਰਕਰਾਂ ਦੀ ਤਾਇਨਾਤੀ ਦੇ ਨਾਲ ਨਾਲ ਫਸਟ ਏਡ ਕਿੱਟਾਂ, ਓ.ਆਰ.ਐਸ ਘੋਲ ਅਤੇ ਹੋਰ ਢੁਕਵੀਂਆਂ ਮੈਡੀਕਲ ਸੁਵਿਧਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਗਰਮੀ ਤੇ ਲੂ ਤੋਂ ਬਚਾਅ ਲਈ ਲੋੜੀਂਦੇ ਮੈਡੀਕਲ ਪ੍ਰਬੰਧ ਮੌਕੇ 'ਤੇ ਮੌਜੂਦ ਹੋਣ।

ਮੀਟਿੰਗ ਦੌਰਾਨ 99-ਲਹਿਰਾ ਦੇ ਏ.ਆਰ.ਓ ਸੂਬਾ ਸਿੰਘ, 100-ਦਿੜ੍ਹਬਾ ਦੇ ਏ.ਆਰ.ਓ ਰਾਜੇਸ਼ ਕੁਮਾਰ ਸ਼ਰਮਾ, 101-ਸੁਨਾਮ ਦੇ ਏ.ਆਰ.ਓ ਪ੍ਰਮੋਦ ਸਿੰਗਲਾ, 107-ਧੂਰੀ ਦੇ ਏ.ਆਰ.ਓ ਅਮਿਤ ਗੁਪਤਾ ਅਤੇ 108-ਸੰਗਰੂਰ ਦੇ ਏ.ਆਰ.ਓ ਚਰਨਜੋਤ ਸਿੰਘ ਵਾਲੀਆ, ਨੋਡਲ ਅਫ਼ਸਰ ਸਵੀਪ ਵਿਨੀਤ ਕੁਮਾਰ, ਸਿਹਤ ਵਿਭਾਗ ਤੋਂ ਡਾ. ਅੰਜੂ ਸਿੰਗਲਾ ਤੇ ਤਹਿਸੀਲਦਾਰ ਚੋਣਾਂ ਪਰਮਜੀਤ ਕੌਰ ਵੀ ਹਾਜ਼ਰ ਸਨ।

ਸਲਾਈਟ ਵਿਖੇ ਕੁਆਂਟਮ ਤਕਨਾਲੋਜੀ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,17 ਅਪ੍ਰੈਲ :

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲਜੀ ਵਿਖੇ ਕੁਆਂਟਮ ਤਕਨਾਲੋਜੀ ਦੇ ਨਵੇਂ ਯੁੱਗ ਬਾਰੇ ਚਰਚਾ ਕਰਨ ਵਾਲੇ ਮਹੱਤਵਪੂਰਨ ਮੁੱਦਿਆਂ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਡਾਈਰੈਕਟਰ ਸਲਾਈਟ ਪ੍ਰੋਫ਼ੈਸਰ ਮਣੀ ਕਾਂਤ ਪਾਸਵਾਨ ਦੀ ਅਗਵਾਈ ਵਿੱਚ ਸਫਲਤਾਪੂਰਵਕ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦੇਸ਼ ਕੁਆਂਟਮ ਤਕਨਾਲੋਜੀ ਦੇ ਖੇਤਰ ਵਿੱਚ ਖੋਜ ਅਤੇ ਕਰੀਅਰ ਲਈ ਪ੍ਰਭਾਵ ਬਾਰੇ ਚਰਚਾ ਕਰਨਾ ਸੀ। ਪ੍ਰੋਫੈਸਰ ਆਸ਼ੁਤੋਸ਼ ਕੁਮਾਰ ਸਿੰਘ, ਡਾਇਰੈਕਟਰ, ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਭੋਪਾਲ, ਨੇ ਵਰਕਸ਼ਾਪ ਵਿੱਚ ਇੱਕ ਲੰਮਾ ਸਮਾਂ ਲੈਕਚਰ ਦਿੱਤਾ, ਜਿਨ੍ਹਾਂ ਨੇ ਇਸ ਖੇਤਰ ਵਿੱਚ ਖੋਜ ਅਤੇ ਕਰੀਅਰ ਦੀਆਂ ਸੰਭਾਵਨਾਵਾਂ ਦੇ ਵੱਖ-ਵੱਖ ਪਹਿਲੂਆਂ ਨੂੰ ਸਾਂਝਾ ਕੀਤਾ। ਇਸ ਤੋਂ ਇਲਾਵਾ ਇਸ ਵਰਕਸ਼ਾਪ ਵਿੱਚ ਵੱਖ-ਵੱਖ ਵਿਭਾਗਾਂ ਦੇ ਖੋਜ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਵਰਕਸ਼ਾਪ ਨੇ ਕੁਆਂਟਮ ਤਕਨਾਲੋਜੀ ਅਤੇ ਇਸਦੇ ਸੰਭਾਵੀ ਉਪਯੋਗਾਂ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕੀਤਾ ਅਤੇ ਗਿਆਨ ਦੇ ਆਦਾਨ-ਪ੍ਰਦਾਨ ਅਤੇ ਸਹਿਯੋਗ ਲਈ ਇੱਕ ਪਲੇਟਫਾਰਮ ਵਜੋਂ ਸੇਵਾ ਕੀਤੀ।ਇਸ ਸਮੇਂ ਪ੍ਰਮੁੱਖ ਹਾਜ਼ਰੀਨ ਵਿੱਚ ਡਾਇਰੈਕਟਰ (ਇੰਚਾਰਜ) ਪ੍ਰੋਫੈਸਰ ਜੇ.ਐਸ. ਢਿੱਲੋਂ, ਪੀਐਂਡਡੀ ਦੇ ਡੀਨ ਡਾ. ਕਮਲੇਸ਼ ਕੁਮਾਰੀ, ਵਿਦਿਆਰਥੀ ਭਲਾਈ ਦੇ ਡੀਨ ਡਾ.ਰਾਜੇਸ਼ ਕੁਮਾਰ, ਐਸੋਸੀਏਟ ਡੀਨ (ਅਨੁਸ਼ਾਸਨ) ਡਾ. ਦਿਲੀਪ ਕੁਮਾਰ, ਅਤੇ ਡਾ. ਆਰ.ਕੇ. ਯਾਦਵ ਸ਼ਾਮਲ ਸਨ।

ਸ਼੍ਰੀ ਰਮਾਇਣ ਵਿੱਚ ਹੀ ਹੈ ਹਰ ਮੁਸ਼ਕਿਲ ਦਾ ਹੱਲ : ਸਵਾਮੀ ਰਾਮ ਤੀਰਥ

ਆਜ਼ਾਦ ਸੋਚ, ਪਰਿਸ ਜਿੰਦਲ, ਭੀਖੀ, 17 ਅਪ੍ਰੈਲ :

ਸ਼੍ਰੀ ਸਨਾਤਨ ਧਰਮ ਭਾਰਤੀਆ ਮਹਾਂਵੀਰ ਦਲ ਸ਼੍ਰੀ ਹਨੂੰਮਾਨ ਮੰਦਰ ਕਮੇਟੀ ਭੀਖੀ ਵੱਲੋਂ ਸ਼੍ਰੀ ਰਾਮ ਨੌਮੀ ਉਤਸਵ ਦੇ ਸਬੰਧ ਵਿੱਚ ਸ਼੍ਰੀ ਰਾਮ ਕਥਾ ਦੀ ਅੱਜ ਦੀ ਸ਼ੁਰੂਆਤ ਮੌਕੇ ਜੋਤੀ ਪ੍ਰਚੰਡ ਕਰਨ ਦੀ ਰਸਮ ਦਿਸ਼ਾ ਇੰਮੀਗ੍ਰੇਸ਼ਨ ਸਰਵਿਸ ਦੇ ਪ੍ਰਿੰਸ ਬਾਂਸਲ, ਮੈਡਮ ਦੀਪਿਕਾ, ਰਾਜੀਵ ਕੁਮਾਰ ਰਾਜੂ, ਦਵਿੰਦਰ ਕੁਮਾਰ ਲਾਲੀ, ਰਾਜਿੰਦਰ ਬਾਂਸਲ ਮਿੱਠੂ, ਪ੍ਰਿਅੰਕਾ ਗੁਪਤਾ ਨੇ ਅਦਾ ਕੀਤੀ। ਉਨ੍ਹਾਂ ਕਥਾ ਪ੍ਰਵਚਨ ਕਰ ਰਹੇ ਸਵਾਮੀ ਰਾਮ ਤੀਰਥ ਦਾ ਸਵਾਗਤ ਕਰਦਿਆਂ ਉਨ੍ਹਾਂ ਤੋਂ ਆਸ਼ੀਰਵਾਦ ਲਿਆ। ਸ਼ਾਮ ਨੂੰ ਆਰਤੀ ਦੀ ਰਸਮ ਡਾ. ਦੀਪਕ ਸਿੰਗਲਾ ਮੌੜਾਂ ਵਾਲਿਆਂ ਨੇ ਪਰਿਵਾਰ ਸਮੇਤ ਅਦਾ ਕੀਤੀ। ਇਸ ਮੌਕੇ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ ਨੇ ਕਿਹਾ ਕਿ ਸ਼੍ਰੀ ਰਮਾਇਣ ਜੀ ਵਿੱਚ ਹੀ ਹਰ ਮੁਸ਼ਕਿਲ ਦਾ ਹੱਲ ਹੈ, ਇਸ ਲਈ ਸਾਨੂੰ ਰੋਜ਼ਾਨਾ ਰਮਾਇਣ ਜੀ ਦਾ ਪਾਠ ਕਰਨਾ

ਚਾਹੀਦਾ ਹੈ ਅਤੇ ਭਗਵਾਨ ਦੀ ਭਗਤੀ ਹੀ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਰਾਸਤਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਨਾਤਨ ਧਰਮ ਨਾਲ ਜੋੜਨ ਲਈ ਹਰ ਪਰਵਾਰ ਨੂੰ ਅੱਗੇ ਆਉਣਾ ਜਰੂਰੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਪ੍ਰਭੂ ਦਾ ਸਿਮਰਨ ਸੱਚੇ ਮਨ ਨਾਲ ਕਰਨਾ ਚਾਹੀਦਾ ਹੈ। ਇਸ ਮੌਕੇ ਕਮੇਟੀ ਪ੍ਰਧਾਨ ਹਰਬੰਸ ਬਾਂਸਲ ਅਤੇ ਵਿਜੇ ਮਿੱਤਲ ਨੇ ਦੱਸਿਆ ਕਿ ਆਰਤੀ ਉਪਰੰਤ ਭੋਗ ਵੀ ਅਤੁੱਟ ਵਰਤਾਇਆ ਗਿਆ। ਉਨ੍ਹਾਂ ਦੱਸਿਆ ਕਿ ਅੱਜ ਸ਼੍ਰੀ ਰਮਾਇਣ ਜੀ ਦੇ ਪਾਠ ਦਾ ਭੋਗ ਅਤੇ ਹਵਨ ਯੱਗ ਕਰਨ ਉਪਰੰਤ ਪੂਰਨ ਆਹੂਤੀ ਪਾਈ ਗਈ। ਇਸ ਮੌਕੇ ਦਿਨੇਸ਼ ਮਨਚੰਦਾ, ਨਰੇਸ਼ ਚਪਟਾ, ਸੁਰਿੰਦਰ ਕੁਮਾਰ ਗੋਜਾ, ਸੁਰੇਸ਼ ਕੁਮਾਰ, ਸੁਸ਼ੀਲ ਜੈਨ, ਅਸ਼ੋਕ ਕੁਮਾਰ ਬਰਤਨ ਵਾਲੇ, ਰਤਨ ਲਾਲ ਜਿੰਦਲ, ਅਸ਼ੋਕ ਕੁਮਾਰ ਠੇਕੇਦਾਰ, ਨਿੰਦੀ ਜੂਸ ਵਾਲਾ, ਰਾਮ ਲਾਲ ਭੋਲਾ, ਰਜਿੰਦਰ ਬਬਲੀ, ਪ੍ਰਿੰਸ ਬਾਂਸਲ, ਸੂਰਜ ਭਾਨ ਬੰਟਾ, ਸੁਰੇਸ਼ ਕੁਮਾਰ, ਸੁਭਾਸ਼ ਚੰਦ ਗੋਧਾ, ਜਤਿੰਦਰ ਕੁਮਾਰ ਵਿੱਕੀ ਅਤੇ ਮੰਦਰ ਦਾ ਮਹਿਲਾ ਮੰਡਲ ਤੇ ਬਾਲ ਦਲ ਦੇ ਮੈਂਬਰ ਵੀ ਹਾਜ਼ਰ ਸਨ।

ਮੀਟਿੰਗ 'ਚ ਹਰ ਮੈਂਬਰ ਦਾ ਪਹੁੰਚਣਾ ਹੋਵੇਗਾ ਜ਼ਰੂਰੀ : ਡਾ. ਮਚਾਕੀ, ਡਾ. ਭੂਸ਼ਨ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 17 ਅਪ੍ਰੈਲ :

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ 295 ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਡਾ. ਭਾਰਤ ਭੂਸ਼ਨ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਵੱਖ-ਵੱਖ ਪਿੰਡਾਂ ਵਿਚ ਪ੍ਰੈਕਟਿਸ ਕਰਦੇ ਡਾਕਟਰ ਸਾਥੀਆਂ ਨੇ ਸ਼ਮੂਲੀਅਤ ਕੀਤੀ ਸਭ ਤੋਂ ਪਹਿਲਾਂ ਬਲਾਕ ਦੇ ਸਟੇਜ ਸਕੱਤਰ ਡਾ. ਗੁਰਸੇਵਕ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਪਿਛਲੇ ਦਿਨੀਂ ਬਲਾਕ ਦੇ ਕੁੱਝ ਸੀਨੀਅਰ ਸਾਥੀਆਂ ਦੇ ਪਰਿਵਾਰਿਕ ਮੈਂਬਰ ਵਿਛੜ ਗਏ ਸਨ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਬੁਆਦ ਵਿਚ ਸਾਥੀਆਂ ਨੂੰ ਸਬੋਧਨ ਕਰਦਿਆਂ ਡਾਕਟਰ ਗੁਰਤੇਜ ਮਚਾਕੀ ਜ਼ਿਲ੍ਹਾ ਜਨਰਲ ਸਕੱਤਰ, ਡਾ. ਭਾਰਤ ਭੂਸ਼ਨ ਸੀਨੀਅਰ ਮੀਤ ਪ੍ਰਧਾਨ, ਡਾ. ਜਗਰੂਪ ਸਿੰਘ, ਡਾ. ਹਰਦੇਵ ਸਿੰਘ, ਡਾ. ਪਰਮੇਸ਼ੂਰ ਡਾ. ਇਕਬਾਲ ਸਿੰਘ, ਡਾ. ਗੁਰਮੀਤ ਸਿੰਘ, ਡਾ. ਦੀਸ਼ਾ ਸਿੰਘ, ਡਾ. ਧਰਮਪਾਲ ਸਿੰਘ ਵੱਲੋਂ ਪਿਛਲੇ ਦਿਨੀਂ ਜ਼ਿਲ੍ਹੇ ਵੱਲੋਂ ਕੀਤੀ ਗਈ ਜਰਨਲ

ਮੀਟਿੰਗ ਬਾਰੇ ਸਾਰੇ ਸਾਥੀਆਂ ਤੋਂ ਰੀਵਿਊ ਵਿਚਾਰ ਲਏ ਗਏ ਅਤੇ ਸਾਰੇ ਸਾਥੀਆਂ ਨੂੰ ਕਿਹਾ ਕਿ ਹਰੇਕ ਮੈਂਬਰ ਦਾ ਮਹੀਨਾਵਾਰ ਮੀਟਿੰਗ ਤੇ ਪਹੁੰਚਣਾ ਬਹੁਤ ਜ਼ਰੂਰੀ ਹੋਵੇਗਾ ਅਤੇ ਅੱਗੇ ਤੋਂ ਕੋਈ ਵੀ ਮੈਂਬਰ ਬਿਨਾਂ ਕਿਸੇ ਮਜਬੂਰੀ ਗੈਰ ਹਾਜ਼ਰ ਨਹੀਂ ਹੋਵੇਗਾ। ਵਿਸ਼ੇਸ਼ ਤੌਰ ਤੇ ਪਹੁੰਚੇ ਸਿਮਰਨ ਨਿਊਰੋ ਸਪਾਈਨ ਮਲਟੀਸਪੈਸਿਲਟੀ ਹਸਪਤਾਲ ਬਠਿੰਡਾ ਤੋਂ ਡਾ. ਸਿਮਰਨ ਸਿੰਘ ਐਮ.ਐਸ.ਐਮ ਨਿਊਰੋ ਸਰਜਨ ਅਤੇ ਡਾ. ਵਿਕਰਾਂਤ ਐਮ.ਬੀ.ਐਮ.ਐਸ ਨੇ ਰੀੜ ਦੀ ਹੱਡੀ ਦੀਆਂ ਬਿਮਾਰੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਖੰਨਾ ਹਸਪਤਾਲ ਅਤੇ ਈ.ਈ.ਜੀ ਸੈਂਟਰ ਮੋਗਾ ਤੋਂ ਪਹੁੰਚੇ ਡਾਕਟਰ ਸੁਮੇਸ਼ ਖੰਨਾ ਨੇ ਦਿਮਾਗ, ਮਿਰਗੀ ਅਤੇ ਅਧਰੰਗ ਵਰਗੀਆਂ ਬਿਮਾਰੀਆਂ ਦੇ ਇਲਾਜ ਅਤੇ ਲੱਛਣਾਂ ਪ੍ਰੀ ਬਹੁਤ ਵਧੀਆ ਜਾਣਕਾਰੀ ਦਿੱਤੀ ਅਤੇ ਇਸ ਤਰ੍ਹਾਂ ਦੇ ਮਰੀਜ਼ਾਂ ਮੁੱਢਲੀ ਫਸਟਏਡ ਦੇਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪੀ.ਆਰ.ਓ ਸੰਦੀਪ ਸਿੰਘ, ਹਸਪਤਾਲ ਦੇ ਮਾਰਕੀਟ ਮਨੇਜਰ ਤੇਜਿੰਦਰ ਸਿੰਘ ਤੋਂ ਇਲਾਵਾ ਡਾ. ਰੂਪ ਸਿੰਘ, ਡਾ. ਪਿੰਕਾ ਸੰਧੂ, ਡਾ. ਤਰਸੇਮ ਸਿੰਘ, ਡਾ. ਬਸੰਤ ਸਿੰਘ, ਡਾ. ਤਰਸੇਮ ਸਿੰਘ, ਡਾ. ਰਣਜੀਤ ਸਿੰਘ, ਡਾ. ਬਿੱਟੂ ਸਿੰਘ, ਡਾ. ਬਲਜੀਤ ਸਿੰਘ, ਡਾ. ਸੁਖਵੀਰ ਸਿੰਘ, ਡਾ. ਦੀਸ਼ਾ ਸਿੰਘ, ਡਾ. ਬੇਅੰਤ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਚੰਦਰ ਸਿੰਘ, ਡਾ. ਸੰਦੀਪ ਸਿੰਘ, ਡਾ. ਮਨਪ੍ਰੀਤ ਸਿੰਘ, ਡਾ. ਪਵਨ ਕੁਮਾਰ ਇਲਾਵਾ ਆਦਿ ਹਾਜ਼ਰ ਸਨ।

ਬੋਲੀ ਨਾ ਲੱਗਣ ਤੋਂ ਖ਼ਫ਼ਾ ਕਿਸਾਨਾਂ ਨੇ ਕੀਤਾ ਇੰਸਪੈਕਟਰ ਦਾ ਘਿਰਾਓ

ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 17 ਅਪ੍ਰੈਲ :

ਇਥੋਂ ਨੇੜਲੇ ਪਿੰਡ ਜਲੂਰ ਦੇ ਅਨਾਜ ਖਰੀਦ ਕੇਂਦਰ ਵਿਖੇ ਖਰੀਦ ਨਾਂ ਹੋਣ ਤੋਂ ਖ਼ਫ਼ਾ ਭਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਜਰਨਲ ਸਕੱਤਰ ਰਾਮਫਲ ਜਲੂਰ ਦੀ ਅਗਵਾਈ ਵਿੱਚ ਕਿਸਾਨਾਂ ਨੇ ਖਰੀਦ ਏਜੰਸੀ ਦੇ ਇੰਸਪੈਕਟਰ ਦਾ ਘਿਰਾਓ ਕਰਦਿਆਂ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਮੇਂ ਰਾਮਫਲ ਸਿੰਘ ਜਲੂਰ ਨੇ ਸੰਬੋਧਨ ਕਰਦਿਆਂ ਦੱਸਿਆ, ਕਿ ਕਣਕ ਦੀ ਸਰਕਾਰੀ ਖਰੀਦ ਇੱਕ ਅਪ੍ਰੈਲ ਤੋਂ ਚਾਲੂ ਹੋ ਚੁੱਕੀ ਹੈ, ਪ੍ਰੰਤੂ ਇਥੇ ਅੱਜ ਪਹਿਲੇ ਦਿਨ ਪਨਗ੍ਰੇਨ ਦੇ ਇੰਸਪੈਕਟਰ , ਮਾਰਕੀਟ ਕਮੇਟੀ ਦੇ ਮੁਲਾਜ਼ਮ ਸਮੇਤ ਬੋਲੀ ਲਾਉਣ ਆਏ ਸਨ। ਪਰੰਤੂ ਸਾਰੀ ਮੰਡੀ ਵਿੱਚੋਂ 200-300 ਗੱਟੇ ਕਣਕ ਦੀ ਬੋਲੀ ਲਿਖੀ ਹੈ। ਜਦੋਂ ਕਿ ਇਸ ਅਨਾਜ ਮੰਡੀ ਵਿੱਚ 15 ਤੋਂ 20 ਹਜਾਰ ਗੱਟਾ ਸਰਕਾਰੀ ਬੋਲੀ ਨੂੰ ਉਡੀਕ ਰਿਹਾ ਹੈ। ਉਹਨਾਂ ਇਹ ਵੀ ਕਿਹਾ, ਕਿ ਜੇਕਰ ਅੱਜ ਬੋਲੀ ਨਹੀਂ ਲੱਗਦੀ ਤਾਂ ਕੱਲ ਨੂੰ ਇੱਥੇ ਪੈਰ ਧਰਨ ਨੂੰ ਥਾਂ ਨਹੀਂ ਹੋਵੇਗਾ। ਜਲੂਰ ਨੇ ਕਿਹਾ ਕਿ ਪਿਛਲੇ ਦਿਨੀ ਹਲਕਾ ਲਹਿਰਾ ਦੇ ਐਮਐਲਏ ਬਰਿੰਦਰ ਗੋਇਲ ਨੇ ਸਾਨੂੰ ਪਿੰਡ ਵਿੱਚ ਵਿਸ਼ਵਾਸ ਦਵਾਇਆ ਸੀ ਕਿ 14 ਫੀਸਦੀ ਨਮੀਂ ਵਾਲੀ ਕਣਕ ਤੁਹਾਡੀ ਚੁੱਕੀ ਜਾਵੇਗੀ। ਪ੍ਰੰਤੂ ਹੁਣ ਕਣਕ ਦੀ ਬੋਲੀ ਨਹੀਂ ਲਾਈ ਜਾ ਰਹੀ। ਉਨਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇੱਥੇ 14 ਫੀਸਦੀ ਨਮੀਂ ਵਾਲੀ ਕਣਕ ਦੀ ਬੋਲੀ ਨਾ ਲਾਈ ਤਾਂ ਅਸੀਂ ਸਬੰਧਤ ਇੰਸਪੈਕਟਰ ਦਾ ਘਿਰਾਓ ਜਾਰੀ ਰੱਖਾਂਗੇ, ਬੇਸ਼ਕ ਸਾਨੂੰ ਇਸ ਸਬੰਧੀ ਕਈ ਦਿਨ ਵੀ ਘਿਰਾਓ ਕਿਉਂ ਨਾ ਜਾਰੀ ਰੱਖਣਾ ਪਵੇ।

ਕੀ ਕਹਿਣਾ ਹੈ ਇਸ ਸਬੰਧੀ ਇੰਸਪੈਕਟਰ ਦਾ : ਜਦੋਂ ਇਸ ਸਬੰਧੀ ਪਣਗ੍ਰੇਨ ਦੇ ਬੋਲੀ ਲਾਣ ਆਏ ਇੰਸਪੈਕਟਰ ਰੋਬਿਨ

ਪੀੜਤ ਪਰਿਵਾਰ ਨੂੰ ਮੁਆਵਜ਼ਾ ਦਵਾਉਣ ਲਈ ਧਰਨਾ 6ਵੇਂ ਦਿਨ ਵੀ ਜਾਰੀ

ਆਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 17 ਅਪ੍ਰੈਲ :

ਸ਼ਹੀਦ ਕਿਸਾਨ ਕਰਮਜੀਤ ਸਿੰਘ ਸੰਗਤਪੁਰਾ ਦਾ ਮੁਆਵਜ਼ਾ ਲੈਣ ਲਈ ਅਤੇ ਹੁਣ ਤੱਕ ਸਰਕਾਰ ਵਲੋਂ ਮੰਗ ਪੂਰੀ ਨਾਂ ਕਰਨ ਦੇ ਰੋਸ ਵਜੋਂ ਕਿਸਾਨਾਂ ਮਜ਼ਦੂਰਾਂ ਵਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਐਮ.ਐਲ.ਏ ਵਰਿੰਦਰ ਕੁਮਾਰ ਗੋਇਲ ਲਹਿਰਾ ਦੇ ਘਰ ਅਤੇ ਦਫ਼ਤਰ ਕੋਲ ਦੀ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਮਾਰਚ ਕੀਤਾ। ਸ਼ਹੀਦ ਕਿਸਾਨ ਕਰਮਜੀਤ ਸਿੰਘ ਸੰਗਤਪੁਰਾ ਨੂੰ ਮੁਆਵਜ਼ਾ ਦਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੇ ਪ੍ਰਧਾਨ ਧਰਮਿੰਦਰ ਸਿੰਘ ਪਿਸ਼ੌਰ ਦੀ ਅਗਵਾਈ ਹੇਠ ਲਹਿਰਾ ਐਸ ਡੀ ਐਮ ਦਫਤਰ ਵਿਖੇ ਦਿਨ ਰਾਤ ਦਾ ਪੱਕਾ ਮੋਰਚਾ 6ਵੇਂ ਦਿਨ ਵੀ ਜਾਰੀ ਰਿਹਾ।

ਅੱਜ ਦੇ ਇਸ ਧਰਨੇ ਵਿੱਚ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਮਰਦ,ਔਰਤਾਂ ਬੱਚੇ, ਨੌਜਵਾਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੀਦੂਆਂ, ਜ਼ਿਲ੍ਹਾ ਜਰਨਲ ਸਕੱਤਰ ਦਰਬਾਰਾ ਸਿੰਘ ਛਾਜਲਾ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਇਕੱਠ ਨੂੰ ਸੰਬੋਧਨ ਕੀਤਾ।ਇਸ ਸਮੇਂ ਕਿਸਾਨ ਆਗੂਆਂ ਨੇ ਦੱਸਿਆ ਪਿਛਲੇ ਦਿਨੀਂ ਪ੍ਰਸ਼ਾਸਨ ਨਾਲ ਹੋਈ ਮੀਟਿੰਗ ਬੇਸਿੱਟਾ ਨਿਕਲੀ। ਜਿਸ ਤੋਂ ਸਾਬਤ ਹੁੰਦਾ ਹੈ, ਕਿ ਆਪ ਸਰਕਾਰ ਕਿਸਾਨਾਂ ਦੀ ਮੌਤ ਦੀ ਜ਼ਿਮੇਵਾਰ ਹੈ ਅਤੇ ਸ਼ਹੀਦ ਕਿਸਾਨ ਦੀ ਲਾਸ਼ ਜਾਣਬੁੱਝ ਕੇ ਰੋਲ ਰਹੀ ਹੈ। ਪਰਿਵਾਰ ਨੂੰ ਹੋਰ ਦੁੱਖਾਂ ਦੀ ਖਾਈ ਵਿੱਚ ਡੇਗ ਰਹੀ ਹੈ। ਉਹਨਾਂ ਸਰਕਾਰ ਨੂੰ ਵੰਗਾਰਦਿਆਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਦੀਆਂ ਸੱਥਾਂ ਵਿੱਚ ਲੋਕਾਂ ਦਾ ਵਿਰੋਧ ਸਹਿਣ ਲਈ ਤਿਆਰ ਰਹੋ। ਸ਼ਹੀਦ ਕਿਸਾਨ ਕਰਮਜੀਤ ਸਿੰਘ ਸੰਗਤਪੁਰਾ ਨੂੰ ਹਰ ਹੀਲੇ ਮੁਆਵਜ਼ਾ ਦਵਾ ਕੇ ਰਹਾਂਗੇ।ਇਸ ਲਈ ਉਹਨਾਂ ਨੂੰ ਕਿਨ੍ਹਾਂ ਮਰਜ਼ੀ ਲੰਮਾ ਸਮਾਂ ਅੰਦੋਲਨ ਕਰਨਾ ਪਵੇ।ਇਸ ਧਰਨੇ ਨੂੰ ਮਾਣਕ ਕਣਕਵਾਲ, ਧਰਮਿੰਦਰ ਸਿੰਘ ਪਿਸ਼ੌਰ, ਸੂਬਾ ਸਿੰਘ ਸੰਗਤਪੁਰਾ, ਬਹਾਦਰ ਸਿੰਘ ਭੁਟਾਲ ਖੁਰਦ ਤੋਂ ਇਲਾਵਾ ਹੋਰ ਬਲਾਕ ਆਗੂਆਂ ਅਤੇ ਪਿੰਡ ਇਕਾਈਆਂ ਦੇ ਪ੍ਰਧਾਨਾਂ ਨੇ ਸੰਬੋਧਨ ਕੀਤਾ।

ਅੱਖਾਂ ਦਾ ਫਰੀ ਚੈਕਅਪ ਕੈਂਪ 26 ਅਪ੍ਰੈਲ ਨੂੰ

ਆਜ਼ਾਦ ਸੋਚ, ਡਾ. ਮਹਿਬੂਬ, ਅਹਿਮਦਗੜ੍ਹ,17 ਅਪ੍ਰੈਲ :

ਧੰਨ ਧੰਨ ਸ੍ਰੀ ਹਜੂਰ ਬਾਬਾ ਜੀ ਸਿਆੜ ਵਾਲਿਆਂ ਦੀ ਅਪਾਰ ਕਿਰਪਾ ਸਦਕਾ ਤੇ ਸ੍ਰੀ ਹਜੂਰ ਬਾਬਾ ਹਰਨੇਕ ਸਿੰਘ ਜੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਸ੍ਰੀ ਨਾਨਕਸਰ ਆਸ਼ਰਮ ਰਜਿ ਸਿਆੜ ਅਤੇ ਸ਼ੰਕਰਾ ਆਈ ਹਸਪਤਾਲ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈੱਕ ਅਪ ਕੈਂਪ ਅਤੇ ਚਿੱਟੇ ਮੋਤੀਆ ਦਾ ਮੁਫਤ ਆਪਰੇਸ਼ਨ ਕੈਂਪ 26 ਅਪ੍ਰੈਲ 2024 ਦਿਨ ਸ਼ੁਕਰਵਾਰ ਸਮਾਂ ਸਵੇਰੇ 9 ਤੋਂ 12 ਵਜੇ ਤੱਕ ਮੁੱਖ ਅਸਥਾਨ ਸ੍ਰੀ ਨਾਨਕਸਰ ਆਸ਼ਰਮ ਸਿਆੜ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਅੱਖਾਂ ਦਾ ਚੈੱਕਅਪ ਅਤੇ ਚਿੱਟੇ ਮੋਤੀਏ ਦੇ ਅਪਰੇਸ਼ਨ ਕੀਤੇ ਜਾਣਗੇ। ਮਰੀਜ਼ਾਂ ਲਈ ਦਵਾਈਆਂ, ਐਨਕਾਂ ਅਤੇ ਭੋਜਨ ਦੀ ਮੁਫ਼ਤ ਸਹੂਲਤ ਹੋਵੇਗੀ।

ਆਸਰਾ ਫਾਊਂਡੇਸ਼ਨ ਵਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੂਟਿਆਂ ਦਾ ਲੰਗਰ 21 ਅਪ੍ਰੈਲ ਨੂੰ

ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ : ਪ੍ਰਧਾਨ ਨਵੀਨ ਕੁਮਾਰ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਆਨੰਦਪੁਰ ਸਾਹਿਬ, 17 ਅਪ੍ਰੈਲ :

ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੇ ਲਈ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਜਿਥੇ ਲੰਮੇ ਸਮੇਂ ਤੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਇਸੇ ਲੜੀ ਤਹਿਤ ਸੰਸਥਾ ਵਲੋਂ 21 ਅਪ੍ਰੈਲ ਨੂੰ "ਬੂਟਿਆਂ ਦਾ ਲੰਗਰ" ਲਗਾਉਣ ਦਾ ਫੈਂਸਲਾ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਨਵੀਨ ਕੁਮਾਰ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੇ ਲਈ ਇਕ ਵਿਸ਼ੇਸ਼ ਉੱਦਮ ਉਪਰਾਲਾ ਕਰਦਿਆਂ ਹਰ ਵਾਰ ਦੀ ਤਰਾਂ ਇਸ ਵਾਰ ਵੀ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ 21 ਅਪ੍ਰੈਲ ਦਿਨ ਐਤਵਾਰ ਨੂੰ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੂਟੇ ਵੰਡੇ ਜਾਣਗੇ। ਇਸ ਮੌਕੇ ਉਨ੍ਹਾਂ ਵੱਧ ਤੋਂ ਵੱਧ ਵਾਤਾਵਰਣ ਪ੍ਰੇਮੀਆਂ ਨੂੰ ਬੂਟੇ ਲਗਾ ਕੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੀ ਅਪੀਲ ਵੀ ਕੀਤੀ। ਉਹਨਾਂ ਦੱਸਿਆ ਕਿ ਇਸੇ ਦਿਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪਰਿਵਾਰਕ ਖੇਡ ਮੇਲਾ ਵੀ ਕਰਵਾਇਆ ਜਾ ਰਿਹਾ ਹੈ।ਜਿਸ ਵਿੱਚ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਪਰਿਵਾਰਿਕ ਖੇਡਾਂ ਕਰਵਾਈਆਂ ਜਾਣਗੀਆਂ। ਇਸ ਮੌਕੇ ਦਵਿੰਦਰਪਾਲ ਸਿੰਘ, ਮਾਸਟਰ ਸੰਜੀਵ ਧਰਮਾਣੀ, ਅੰਕੁਸ਼ ਸ਼ਰਮਾ, ਸਤਿੰਦਰਪਾਲ ਸਿੰਘ, ਅਜੇ ਕੁਮਾਰ, ਦੁਰੋਹਿਨ ਘਈ, ਧੀਰਜ ਘਈ ਆਦਿ ਹਾਜ਼ਰ ਸਨ।

ਈਟੀਟੀ ਟੈਟ ਬੇਰੁਜਗਾਰ 5994 ਅਧਿਆਪਕ ਯੂਨੀਅਨ ਦੇ 11 ਮੈਂਬਰਾਂ 'ਤੇ ਪਰਚੇ ਦਰਜ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 17 ਅਪ੍ਰੈਲ :

ਪਿਛਲੇ ਇੱਕ ਸਾਲ ਤੋਂ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਈਟੀਟੀ ਟੈਟ ਬੇਰੁਜਗਾਰ 5994 ਅਧਿਆਪਕ ਯੂਨੀਅਨ ਪੰਜਾਬ ਦੇ ਆਗੂਆਂ ਖਿਲਾਫ ਥਾਣਾ ਚੀਮਾ ਜ਼ਿਲ੍ਹਾ ਸੰਗਰੂਰ ਦੀ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਕੁੱਲ 12 ਯੂਨੀਅਨ ਆਗੂਆਂ ਖਿਲਾਫ ਮਾਮਲਾ ਦਰਜ ਕੀਤਾ ਹੈ ਜਿਨ੍ਹਾਂ ਵਿੱਚ ਬਲਿਹਾਰ ਸਿੰਘ ਬੱਲੀ, ਅਮਨਦੀਪ ਸਿੰਘ, ਸਾਹਿਲ ਮਿੰਡਾ, ਜਗਤਾਰ ਸਿੰਘ, ਸੁਖਦੇਵ ਸਿੰਘ ਕੁਮਾਰ, ਗੁਰਜੀਤ ਸਿੰਘ, ਪਰਗਟ ਸਿੰਘ ਬੋਹਾ, ਅਮਨਦੀਪ ਸਿੰਘ, ਲਵਪ੍ਰੀਤ ਸਿੰਘ ਦੰਦੀਵਾਲ, ਬਲਜਿੰਦਰ ਕੁਮਾਰ ਅਤੇ ਰਮੇਸ਼ ਸਿੰਘ ਸਮੇਤ 150-200 ਅਣਪਛਾਤੇ ਆਗੂ ਸ਼ਾਮਲ ਹਨ।

ਹੋਇਆ ਇੰਝ ਕਿ ਈਟੀਟੀ ਕਾਡਰ ਦੀ 5994 ਭਰਤੀ ਪਿਛਲੇ ਇੱਕ ਸਾਲ ਤੋਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਰੁਲ ਰਹੀ ਹੈ। ਜਿਸ ਨੂੰ ਕਢਵਾਉਣ ਲਈ ਪੰਜਾਬ ਸਰਕਾਰ ਵੱਲੋਂ ਕੋਈ ਯਤਨ ਨਹੀ ਕੀਤੇ ਜਾ ਰਹੇ ਸਨ। ਜਿਸ ਦੇ ਰੋਸ ਵਜੋਂ ਯੂਨੀਅਨ ਆਗੂਆਂ ਨੇ 25 ਨਵੰਬਰ 2023 ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਪਿੰਡ ਸਤੌਜ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ। ਇਸ ਤਹਿਤ ਜਿਵੇਂ ਹੀ ਯੂਨੀਅਨ ਦੇ ਬੈਨਰ ਹੇਠ ਸਮੁੱਚੀ ਈਟੀਟੀ 5994 ਕਾਡਰ ਪਿੰਡ ਸਤੌਜ ਵਿਖੇ ਰੋਸ ਪ੍ਰਦਰਸ਼ਨ ਕਰਨ ਲਈ ਪੁੱਜਾ ਤਾਂ ਪਿੰਡ ਸਤੌਜ ਤੋਂ ਲਗਭਗ 2 ਕਿਲੋਮੀਟਰ ਪਹਿਲਾਂ ਹੀ ਪੁਲਿਸ ਫੋਰਸ ਨੇ ਯੂਨੀਅਨ ਆਗੂਆਂ ਨੂੰ ਘੇਰ ਕੇ ਜਬਰਦਸਤ ਲਾਠੀਚਾਰਜ ਕਰ ਦਿੱਤਾ ਸੀ। ਜਿਸ ਦੌਰਾਨ ਵੱਡੀ ਗਿਣਤੀ ਵਿੱਚ ਕਾਡਰ ਦੇ ਸੱਟਾਂ ਵੱਜੀਆਂ ਸਨ। ਪਰ ਇਸਦੇ ਉਲਟ ਪੁਲਿਸ ਪ੍ਰਸਾਸ਼ਨ ਨੇ ਯੂਨੀਅਨ ਆਗੂਆਂ ਉਪਰ ਹੀ ਮਾਮਲਾ ਦਰਜ ਕਰ ਦਿੱਤਾ ਹੈ। ਇਸ ਮੌਕੇ ਯੂਨੀਅਨ ਆਗੂਆਂ ਨੇ ਮੰਗ ਕੀਤੀ ਹੈ ਕਿ ਯੂਨੀਅਨ ਆਗੂਆਂ 'ਤੇ ਕੀਤੇ ਗਏ ਪਰਚੇ ਰੱਦ ਕੀਤੇ ਜਾਣ।

ਮੈਂਡੀ ਕਾਲਰਾ ਤੇ ਤਰਸੇਮ ਮਹਿਤੋ ਜਲੰਧਰ ਦੂਰਦਰਸਨ 'ਤੇ ਅੱਜ

ਆਜ਼ਾਦ ਸੋਚ, ਡਾ. ਮਹਿਬੂਬ, ਸੰਦੌੜ, 17 ਅਪ੍ਰੈਲ :

ਸਭਿਆਚਾਰਕ ਮੇਲਿਆ ਦੀ ਸ਼ਾਨ ਪੰਜਾਬੀ ਲੋਕ ਗਾਇਕਾ ਮੈਂਡੀ ਕਾਲਰਾ ਤੇ ਉੱਘੇ ਲੇਖਕ, ਗੀਤਕਾਰ ਤ ਗਾਇਕ ਤਰਸੇਮ ਮਹਿਤੋਂ ਅੱਜ ਰਾਤੀ ਅੱਠ ਵਜੇ ਜਲੰਧਰ ਦੂਰਦਰਸ਼ਨ (ਡੀ.ਡੀ ਪੰਜਾਬੀ) ਤ ਪ੍ਰੋਗਰਾਮ 'ਛਣਕਾਰ' ਵਿੱਚ ਆਪਣਾ ਨਵਾਂ ਡਿਊਟ ਸੰਗ 'ਸਾਢੂ ਦਾ ਸੁਭਾਅ' ਰਾਹੀ ਦਰਸਕਾਂ ਦੇ ਸ਼ਨਮੁੱਖ ਹੋਣਗੇ।ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬੀ ਲੋਕ ਗਾਇਕ ਤਰਸੇਮ ਮਹਿਤੋ ਤੇ ਮੈਂਡੀ ਕਾਲਰਾ ਨੇ ਦੱਸਿਆ ਕਿ ਖੁਵਾਬ ਰਿਕਾਡਜ ਦੇ ਲੈਬਲ ਹੇਠ ਗੀਤਕਾਰ ਅਮਨ ਮਾਨ ਕੈਨੇਡਾ ਦੀ ਪੇਸ਼ਕਸ 'ਚ ਯੂ ਟਿਊਬ ਚੈਨਲ ਤੇ 14 ਅਪ੍ਰੈਲ ਵਿਸਾਖੀ ਦੇ ਸ਼ੁਭ ਮੌਕੇ ਰਿਲੀਜ ਹੋਏ ਇਸ ਗਾਣੇ ਨੂੰ ਚਾਹੁੰਣ ਵਾਲੇ ਸ਼ਰੋਤਿਆ ਵੱਲੋਂ ਬਹੁਤ ਸਾਰਾ ਪਿਆਰ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਦਰਸਕਾਂ ਵਲੋਂ ਜੀਜਾ ਸਾਲੀ ਦੀ ਚੁਲਬਲੀ ਤੇ ਪਿਆਰੀ ਜਿਹੀ ਨੋਕ ਝੋਕ ਨੂੰ ਕਾਫੀ ਸੁਲਾਹਿਆ ਜਿਹਾ ਰਿਹਾ ਹੈ।ਉਨਾਂ ਸਾਰੇ ਸੰਗੀਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਸਾਡੀ ਸਮੁੱਚੀ ਟੀਮ ਦੇ ਪ੍ਰੋਡਿਊਸਰ ਬਾਈ ਅਮਨ ਮਾਨ ਕੈਨੇਡਾ, ਮਿਊਜਿਕ ਡਾਇਰੈਕਟਰ ਸੁਖਬੀਰ ਰੰਧਾਵਾਂ, ਵੀਡੀਓ ਡਾਇਰੈਕਟਰ ਹਰਜੀਤ ਬੱਗਾ, ਡੀ.ਓ.ਪੀ ਜੀਵਨ ਹੀਰ, ਐਡੀਟਰ ਉਗੰਤ ਕੁਮਾਰ ਤੇ ਸੁੱਖਾ ਜੱਸੀ ਵਾਲਾ ਸਭ ਵਧਾਈ ਦੇ ਪਾਤਰ ਹਨ।ਜਿੰਨਾਂ ਦੇ ਸਦਕੇ ਅਸੀ ਤੁਹਾਡੇ ਰੂ ਬ ਰੂ ਹੋ ਰਹੇ ਹਾਂ।ਉਨਾ ਕਿਹਾ ਕਿ ਇਹ ਗੀਤ ਪਿਛਲੇ 3 ਦਿਨਾ ਵਿੱਚ 35 ਹਜਾਰ ਤੋਂ ਵੱਧ ਦਰਸ਼ਕਾਂ ਵਲੋਂ ਯੂ ਟਿਊਬ ਚੈਨਲ ਤੇ ਪਸੰਦ ਕੀਤਾ ਗਿਆ।

ਚੋਣ ਪਾਠਸ਼ਾਲਾ ਦੇ ਵਿਦਿਆਰਥੀਆਂ ਵੱਲੋਂ ਵੋਟਰਾਂ ਨੂੰ ਵੋਟ ਦੇ ਹੱਕ ਦੀ ਲਾਜ਼ਮੀ ਵਰਤੋਂ ਕਰਨ ਦਾ ਸੁਨੇਹਾ

ਆਜ਼ਾਦ ਸੋਚ, ਵਿਰੇਂਦਰਪਾਲ ਮੰਡਰੋ, ਮਾਨਸਾ, 16 ਅਪ੍ਰੈਲ:

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਵੀਪ ਜਾਗਰੂਕਤਾ ਮੁਹਿਮ ਤਹਿਤ ਹਲਕਾ ਸਰਦੂਲਗੜ੍ਹ ਦੇ ਬੀ.ਐਲ.ਓਜ਼ ਵੱਲੋਂ ਬੂਥ ਪੱਧਰ 'ਤੇ ਸਕੂਲਾਂ ਵਿਚ ਗਤੀਵਿਧੀਆਂ ਕਰਵਾ ਕੇ 'ਚੋਣ ਪਾਠਸ਼ਾਲਾ' ਦੇ ਵਿਦਿਆਰਥੀਆਂ ਵੱਲੋਂ ਲੋਕਾਂ ਨੂੰ ਵੋਟ ਦੇ ਹੱਕ ਦੀ ਲਾਜ਼ਮੀ ਵਰਤੋਂ ਕਰਨ ਦਾ ਸੁਨੇਹਾ ਦਿੱਤਾ ਗਿਆ। ਜ਼ਿਲ੍ਹਾ ਸਵੀਪ ਅਫ਼ਸਰ ਨਰਿੰਦਰ ਸਿੰਘ ਨੇ ਦੱਸਿਆ ਕਿ ਚੋਣ ਪਾਠਸ਼ਾਲਾ ਦੇ ਵਿਦਿਆਰਥੀ ਨੂੰ ਵੱਖ ਵੱਖ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ, ਰੰਗੋਲੀ, ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ ਆਦਿ ਵਿਚ ਸ਼ਾਮਲ ਕਰਕੇ ਲੋਕਾਂ ਤੱਕ ਵੋਟ ਦੇ ਅਧਿਕਾਰ ਦੀ ਅਹਿਮੀਅਤ ਦਾ ਸੁਨੇਹਾ ਪਹੁੰਚਾਉਣ ਦਾ ਵਿਲੱਖਣ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਹਰ ਇਕ ਨੂੰ ਆਪਣੀ ਵੋਟ ਦੀ ਵਰਤੋਂ ਕਰਦਿਆਂ ਲੋਕਤੰਤਰ ਵਿਚ ਆਪਣੀ ਭਾਗੀਦਾਰੀ ਦਰਜ ਕਰਨੀ ਚਾਹੀਦੀ ਹੈ ਅਤੇ ਹੋਰਨਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਕੋਈ ਵੀ ਵੋਟਰ ਵੋਟ ਪਾਉਣ ਤੋਂ ਵਾਂਝਾ ਨਾ ਰਹੇ।

ਹਰਿਆਣਾ ਦੇ ਰਾਜਪਾਲ ਨੇ ਰਾਮਨਵਮੀ ਮੌਕੇ ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ 'ਚ ਕੀਤੀ ਪੂਜਾ ਅਰਚਨਾ

ਆਜ਼ਾਦ ਸੋਚ, ਚੰਡੀਗੜ੍ਹ, 17 ਅਪ੍ਰੈਲ :

ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਅੱਜ ਰਾਮਨਵਮੀ ਦੇ ਪਵਿੱਤਰ ਮੌਕੇ 'ਤੇ ਜਿਲ੍ਹਾ ਪੰਚਕੂਲਾ ਦੇ ਸੈਕਟਰ-12ਏ ਸਥਿਤ ਸ੍ਰੀ ਕੇਂਕਟੇਸ਼ਵਰ ਸਵਾਮੀ ਮੰਦਿਰ ਵਿਚ ਪਹੁੰਚ ਕੇ ਪੂਜਾ ਅਰਚਨਾਂ ਕੀਤੀ ਅਤੇ ਭਗਵਾਨ ਵੇਂਕਟੇਸ਼ਵਰ ਦਾ ਆਸ਼ੀਰਵਾਦ ਲਿਆ। ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਸਕੱਤਰ ਅਤੇ ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ ਸੈਕਟਰ 12ਏ ਦੇ ਪ੍ਰਧਾਨ ਸ੍ਰੀ ਟੀਵੀਐਸਐਨ ਪ੍ਰਸਾਦ ਤੇ ਉਨ੍ਹਾਂ ਦੀ ਧਰਮ ਪਤਨੀ ਡਾ. ਸ੍ਰੀਦੇਵੀ ਵੀ ਮੌਜੂਦ ਸਨ। ਸ੍ਰੀ ਟੀਵੀਐਸਐਨ ਪ੍ਰਸਾਦ ਨੇ ਮੰਦਿਰ ਵਿਚ ਪਹੁੰਚਣ 'ਤੇ ਰਾਜਪਾਲ ਦਾ ਸਵਾਗਤ ਕੀਤਾ।ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਸੂਬਾਵਾਸੀਆਂ ਨੂੰ ਰਾਮਨਵਮੀ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਸ੍ਰੀ ਵੇਂਕਟੇਸ਼ਵਰ ਸਵਾਮੀ ਤਿਰੂਪਤੀ ਬਾਲਾਜੀ ਮੰਦਿਰ, ਕੁਰੂਕਸ਼ੇਤਰ ਵਿਚ ਆਏ ਪੁਜਾਰੀਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ। ਮੰਦਿਰ ਵਿਚ ਸ੍ਰੀ ਸੀਤਾਰਾਮ ਕਲਿਯਾਣਾਮ ਨੂੰ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ, ਜਿਸ ਵਿਚ ਸੈਂਕੜੇ ਭਗਤਾਂ ਨੇ ਹਿੱਸਾ ਲਿਆ। ਇਹ ਸਦੀਆਂ ਪੁਰਾਣੀ ਰਿਵਾਇਤ ਬਹੁਤ ਵੱਧ ਸਭਿਆਚਾਰਕ ਅਤੇ ਧਾਰਮਿਕ ਮਹਤੱਵ ਰੱਖਦੀ ਹੈ। ਸ੍ਰੀ ਸੀਤਾਰਾਮ ਕਲਿਆਣਮ ਦੇ ਬਾਅਦ ਸ੍ਰੀ ਦੱਤਾਤ੍ਰੇਅ ਨੇ ਪ੍ਰਸਾਦ ਗ੍ਰਹਿਣ ਕੀਤਾ। ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ ਦੇ ਪ੍ਰਤੀਨਿਧੀਆਂ ਨੇ ਰਾਜਪਾਲ ਨੂੰ ਸ਼ਾਲ ਭੇਂਟ ਕਰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਡੀਸੀਪੀ ਹਿਮਾਦੀ ਕੌਸ਼ਿਕ, ਜਿਲ੍ਹਾ ਪਰਿਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਗਗਨੀਦੀਪ ਸਿੰਘ, ਸ੍ਰੀ ਵੇਂਕਟੇਸ਼ਵਰ ਸਵਾਮੀ ਮੰਦਿਰ ਦੀ ਸਕੱਤਰ ਸ੍ਰੀਮਤੀ ਨੀਰਜਾ, ਆਈਪੀਐਸ, ਮੈਂਬਰ ਸੰਜੀਵ ਕੁਮਾਰ ਸਮੇਤ ਭਾਰਤੀ

ਪੁਲ ਟੁੱਟਣ ਕਾਰਨ ਕਣਕ ਦੀ ਭਰੀ ਟਰਾਲੀ ਪਲਟੀ, ਮਜ਼ਦੂਰ ਜ਼ਖਮੀ

ਆਜਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 17 ਅਪ੍ਰੈਲ :

ਨੇੜਲੇ ਪਿੰਡ ਸੇਖਾ ਵਿਖੇ ਢਾਬ ਵਾਲਾ ਪੁਲ ਟੁੱਟਣ ਕਾਰਨ ਕਣਕ ਦੀ ਭਰੀ ਟਰਾਲੀ ਪਲਟ ਗਈ, ਜਿਸ ਕਾਰਨ ਟਰਾਲੀ ਵਿੱਚ ਬੈਠਾ ਮਜ਼ਦੂਰ ਰਜਵਾਹੇ ਵਿੱਚ ਡਿੱਗਣ ਕਾਰਨ ਜ਼ਖਮੀ ਹੋ ਗਿਆ, ਜਿਸ ਦੇ ਰੋਸ਼ ਵਜੋਂ ਕਿਸਾਨਾਂ ਨੇ ਰਜਵਾਹੇ ਉਪਰ ਘਟੀਆ ਕੁਆਲਿਟੀ ਦੀਆਂ ਸਲੈਬਾਂ ਰੱਖਣ ਵਾਲੇ ਠੇਕੇਦਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆ ਬਲਾਕ ਬਰਨਾਲਾ ਦੇ ਸੀਨੀਅਰ ਮੀਤ ਪ੍ਰਧਾਨ ਰਣਧੀਰ ਸਿੰਘ ਰਹਿਲ, ਸੇਖਾ ਇਕਾਈ ਦੇ ਮੀਤ ਪ੍ਰਧਾਨ ਕਾਬਲ ਸਿੰਘ ਮਾਨ ਅਤੇ ਬੀ.ਕੇ.ਯੂ ਏਕਤਾ ਉਗਰਾਹਾਂ ਸੇਖਾ ਇਕਾਈ ਦੇ ਪ੍ਰਧਾਨ ਬਲਦੇਵ ਸਿੰਘ ਤੇ ਜੱਗਾ ਸਿੰਘ ਮਾਨ ਸੇਖਾ ਨੇ ਦੱਸਿਆ ਕਿ ਹੰਡਿਆਇਆ ਮਾਈਨਰ ਦਾ ਪਿੰਡ ਸੇਖਾ ਵਿਖੇ ਢਾਬ ਵਾਲਾ ਪੁਲ ਨਜ਼ਦੀਕ ਇੱਕ ਠੇਕੇਦਾਰ ਵੱਲੋਂ ਮਿੰਨੀ ਰਜਵਾਹਾ ਬਣਾਉਣ ਦੇ ਲਈ ਰੇਤਾ ਬਜ਼ਰੀ ਅਤੇ ਹੋਰ ਸਮਾਨ ਰੱਖਿਆ ਗਿਆ ਸੀ। ਜਿਸ ਵੱਲੋਂ ਇਸ ਪੁਲ ਉਪਰੋਂ ਉਕਤ ਸਮਾਨ ਦੀ ਢੋਆ ਢੁਆਈ ਲਈ ਭਾਰੀ ਵਹੀਕਲ ਲੰਘਾਏ ਜਾ ਰਹੇ ਸਨ, ਜਿਸ ਕਾਰਨ ਪਹਿਲਾ ਤੋਂ ਬਣਿਆ ਪੁਲ ਟੁੱਟ ਗਿਆ ਸੀ। ਜਿਸ ਤੋਂ ਬਾਅਦ ਠੇਕੇਦਾਰ ਵੱਲੋਂ ਖਾਨਾਪੂਰਤੀ ਕਰਦੇ ਹੋਏ ਟੁੱਟੇ ਪੁਲ ਉਪਰ ਨਵੀਆਂ ਪਰ ਹਲਕੀ ਕੁਆਲਿਟੀ ਦੀਆਂ ਸੀਮਿਟ ਵਾਲੀਆਂ ਸੈਲਫਾ ਰੱਖ ਦਿੱਤੀਆਂ ਸਨ ਪਰ ਅੱਜ ਸਵੇਰੇ ਹੀ ਜਦੋਂ ਇਥੋਂ ਕਿਸਾਨ ਹਰਬੰਸ ਸਿੰਘ ਪੁੱਤਰ ਬਾਬੂ ਸਿੰਘ ਵਾਸੀ ਸੇਖਾ ਆਪਣੇ ਖੇਤ ਵਿੱਚੋਂ ਵਾਢੀ ਕਰਕੇ ਕਣਕ ਦੀ ਭਰੀ ਟਰਾਲੀ ਬਰਨਾਲਾ ਮੰਡੀ ਵਿਖੇ ਲੈ ਕੇ ਆ ਰਿਹਾ ਸੀ ਜਦ ਉਹ ਢਾਬ ਵਾਲੇ ਪੁਲ ਤੇ ਪਹੁੰਚਿਆ ਤਾਂ ਠੇਕੇਦਾਰ ਵੱਲੋਂ ਨਵਾਂ ਬਣਾਇਆ ਪੁਲ ਟੁੱਟ ਗਿਆ ? ਜਿਸ ਕਾਰਨ ਟਰਾਲੀ ਇੱਕ ਪਾਸੇ ਪਲਟ ਗਈ ਅਤੇ ਟਰਾਲੀ ਵਿੱਚ ਕਣਕ ਤੇ ਬੈਠਾ ਮਜ਼ਦੂਰ ਨਿਰਮਲ ਸਿੰਘ ਉਰਫ ਠੰਢੂ ਰਜਵਾਹੇ ਵਿੱਚ ਡਿੱਗ ਜਾਣ ਕਾਰਕੇ ਜ਼ਖਮੀ ਹੋ ਗਿਆ ਅਤੇ ਟਰਾਲੀ ਵਿੱਚੋਂ ਕਣਕ ਰਾਜਵਾਹੇ ਵਿੱਚ ਢੇਰੀ ਹੋ ਗਈ ਜੋ ਪਾਣੀ ਵਿੱਚ ਭਿੱਜ ਗਈ। ਉਨ੍ਹਾਂ ਮੰਗ ਕੀਤੀ ਕਿ ਲਾਪਰਵਾਹੀ ਕਰਨ ਵਾਲੇ ਠੇਕੇਦਾਰ ਖਿਲਾਫ ਸਖਤ ਕਰਕੇ ਕੀਤੀ ਜਾਵੇ ? ਉਨ੍ਹਾਂ ਇਹ ਵੀ ਮੰਗ ਕੀਤੀ ਕਿ ਵਾਢੀ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਟੁੱਟੇ ਹੋਏ ਪੁਲ ਦੀ ਜਲਦ ਤੋਂ ਜਲਦ ਮੁਰੰਮਤ ਕਰਵਾਈ ਜਾਵੇ ਅਤੇ ਜੇਕਰ ਇਸ ਪ੍ਰਤੀ ਅਧਿਕਾਰੀਆਂ ਨੇ ਕੋਈ ਧਿਆਨ ਨਾ ਦਿੱਤਾ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਦਾਸ ਮਹੰਤ, ਕੁਲਵਿੰਦਰ ਸਿੰਘ ਖਰਾਂ, ਕੁਲਵੰਤ ਰਾਮ ਨੰਬਰਦਾਰ ਗੁਰਦੀਪ ਸਿੰਘ ਤੋਂ ਇਲਾਵਾ ਹੋਰ ਵੀ ਕਿਸਾਨ ਹਾਜ਼ਰ ਸਨ।

ਜ਼ੈ ਦੁਰਗਾ ਸ਼ਕਤੀ ਮੰਦਰ ਮਹਿਰਾਜ਼ ਵਿਖੇ ਰਾਮ ਨੌਮੀ ਦਾ ਉਤਸਵ ਧੂਮਧਾਮ ਨਾਲ ਮਨਾਇਆ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 17 ਅਪ੍ਰੈਲ :

ਲੋਹ ਟਿੱਲਾ ਬਾਬਾ ਰੂਪ ਰਾਮ ਦੀ ਕਮੇਟੀ ਵੱਲੋ ਇਲਾਕੇ ਦੀਆਂ ਸੰਗਤਾ ਦੇ ਸਹਿਯੋਗ ਨਾਲ ਜੈ ਦੁਰਗਾ ਸ਼ਕਤੀ ਮੰਦਰ ਪੱਤੀ ਕਾਲਾ ਮਹਿਰਾਜ਼ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਾਮਨੌਮੀ ਦਾ ਤਿਊਹਾਰ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ . ਮੰਦਰ ਕਮੇਟੀ ਦੇ ਪ੍ਰਧਾਨ ਮੁਨੀਸ਼ ਕੁਮਾਰ ਨੇ ਦੱਸਿਆ ਕਿ ਮਾਤਾ ਦੇ ਨਵਰਾਤਿਆਂ ਦੋਰਾਨ ਮੰਦਰ ਵਿਖੇ ਪੁਜ਼ਾਰੀ ਹੇਮੰਤ ਸਰਮਾਂ ਵੱਲੋਂ ਹਰ ਰੋਜ਼ ਸਵੇਰ ਸਾਂਮ ਦੀ ਆਰਤੀ ਹੁੰਦੀ ਸੀ ਤੇ ਕੰਜ਼ਕ ਪੂਜ਼ਨ ਕੀਤਾ ਗਿਆ . ਉਹਨਾਂ ਦੱਸਿਆ ਕਿ ਇਹ ਮੰਦਰ ਬਹੁਤ ਪੁਰਾਣਾ ਹੈ ਤੇ ਇਥੇ ਸੱਚੇ ਮਨ ਨਾਲ ਕੋਈ ਵੀ ਸੁੱਖ ਸੁੱਖਣ ਤੇ ਪੂਰੀ ਹੋ ਜਾਂਦੀ ਹੈ . ਇਸ ਲਈ ਹਰ ਸਾਲ ਮਾਤਾ ਦੇ ਭਗਤਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ . ਮਨੀਸ਼ ਕੁਮਾਰ ਨੇ ਦੱਸਿਆ ਕਿ ਨਗਰ ਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਰਾਮ ਨੌਮੀ ਦਾ ਤਿਊਹਾਰ ਮਿਲਜ਼ੁੱਲਕੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ਤੇ ਬਜ਼ਾਰ ਨੂੰ ਤਰ੍ਹਾਂ ਤਰ੍ਹਾਂ ਦੀਆਂ ਦੁਕਾਨਾ ਤੇ ਝੂਲੇ ਵੀ ਲਗਾਏ ਜਾਂਦੇ ਹਨ ਅਤੇ ਲੰਗਰ ਵੀ ਅਤੂੱਟ ਵਰਤਾਇਆ ਜਾਂਦਾ ਹੈ . ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਪੀ ਸਿੰਗਲਾ, ਹਰਭਜਨ ਸਿੰਘ, ਤੋਤਾ ਰਾਮ, ਅਭੀ ਰਾਜਸਥਾਨੀ, ਰਾਜੇ ?ਸ ਬਿੱਟੂ, ਅੰਮ੍ਰਿਤਪਾਲ ਸਿੰਘ, ਜੱਸੀ, ਸ਼ਿਵ ਕੁਮਾਰ, ਬੂਰਾ ਸਿੰਘ, ਜੱਸਾ ਸਿੰਘ, ਬੱਬੂ, ਹਰਬੰਸ ਸਿੰਘ, ਹਰਜਿੰਦਰ ਸਿੰਘ, ਲੱਭੀ ਸਿੰਘ, ਅਮਰੀਕ ਸਿੰਘ, ਰਾਜੂ ਹਲਵਾਈ, ਟੀਟੂ ਸਰਮਾਂ, ਗੁਰਜੀਤ ਸਿੰਘ, ਹੇਮ ਰਾਜ, ਨੀਟਾ ਸੇਠ, ਜੱਗਾ ਸਰਸਾ, ਮੰਨਾ ਸਿੰਘ, ਪ੍ਰਿੰਸ ਸਰਮਾਂ ਆਦਿ ਸਾਮਲ ਸਨ।

ਗੁਰਦੁਆਰਾ ਸ਼ੀਸਗੰਜ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਜੈਕਾਰਿਆਂ ਨਾਲ ਆਰੰਭ ਹੋਈਆਂ ਰਾਤਰੀ ਫੇਰੀਆਂ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 17 ਅਪ੍ਰੈਲ :

ਹਿੰਦ ਦੀ ਚਾਦਰ ਤਿਲਕ ਜੰਞੂ ਦੇ ਰਾਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰੂ ਨਗਰੀ ਵਿਖੇ ਸਜਾਈਆਂ ਜਾਣ ਵਾਲੀਆਂ ਰਾਤਰੀ ਫੇਰੀਆਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਸ਼ੁਰੂ ਹੋ ਗਈਆਂ। ਪਹਿਲੀ ਰਾਤਰੀ ਫੇਰੀ ਦੀ ਆਰੰਭਤਾ ਦੀ ਅਰਦਾਸ ਗਿਆਨੀ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਕੀਤੀ ਗਈ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਵਾਸੀ ਵਡਭਾਗੇ ਹਨ ਜਿਨਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਵਰੋਸਾਈ ਅਤੇ ਖਾਲਸੇ ਦੀ ਜਨਮ ਭੂਮੀ ਅਨੰਦਾਂ ਦੀ ਪੂਰੀ ਵਿਖੇ ਆਪਣਾ ਜੀਵਨ ਬਤੀਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਿ ਉਹ ਰਾਤਰੀ ਫੇਰੀਆਂ 'ਚ ਵੱਧ ਤੋਂ ਵੱਧ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ। ਇਸ ਮੌਕੇ ਰਾਤਰੀ ਫੇਰੀਆਂ ਦੇ ਪ੍ਰਬੰਧਕ ਜਸਵਿੰਦਰਪਾਲ ਸਿੰਘ ਬਿੱਲਾ ਅਤੇ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਰਾਤਰੀ ਫੇਰੀਆਂ ਸਜਾਈਆਂ ਜਾ ਰਹੀਆਂ ਹਨ ਜੋ 30 ਅਪ੍ਰੈਲ ਨੂੰ ਸਮਾਪਤ ਹੋਣਗੀਆਂ।ਪਹਿਲੀ ਰਾਤਰੀ ਫੇਰੀ ਮੇਨ ਬਾਜ਼ਾਰ, ਮੋਹਨ ਬਜਾਜ, ਇੰਦਰਜੀਤ ਸਿੰਘ ਅਰੋੜਾ ਰਿਹਾਇਸ਼, ਮਹੱਲਾ ਧਰੇਲਪੁਰਾ, ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਰੋਵਰ ਵਾਲੀ ਮਾਰਕੀਟ, ਕੌਂਸਲਰ ਗੁਰਿੰਦਰ ਸਿੰਘ ਵਾਲੀਆਂ, ਜਸਪਾਲ ਸਿੰਘ ਪਾਲ ਅਰੋੜਾ ਦੀ ਰਿਹਾਇਸ਼ ਤੋਂ ਹੁੰਦੀ ਹੋਈ ਵਾਪਿਸ ਗੁ:ਸੀਸ ਗੰਜ ਸਾਹਿਬ ਵਿਖੇ ਸਮਾਪਤ ਹੋਈ।ਉਪਰੰਤ ਸੰਗਤਾਂ ਲਈ ਗੁਰੂ ਕਾ ਲੰਗਰ ਵਰਤਾਇਆ ਗਿਆ। ਇਸ ਮੌਕੇ ਐਡੀਸ਼ਨਲ ਮੈਨੇਜਰ ਐਡ. ਹਰਦੇਵ ਸਿੰਘ, ਲੈਕ. ਗੁਰਚਰਨ ਸਿੰਘ ਅਰੋੜਾ, ਪ੍ਰਚਾਰਕ ਸਰਬਜੀਤ ਸਿੰਘ ਖਡੂਰ ਸਾਹਿਬ, ਭਾਗ ਸਿੰਘ ਭੈਣੀ, ਚਰਨ ਸਿੰਘ, ਕਮਲਪ੍ਰੀਤ ਸਿੰਘ ਬੇਦੀ, ਜਸ਼ਨਪ੍ਰੀਤ ਸਿੰਘ, ਕੰਵਲਜੋਤ ਸਿੰਘ, ਸਰਬਜੀਤ ਸਿੰਘ ਸੈਣੀ, ਗ੍ਰੰਥੀ ਸੋਹਨਜੀਤ ਸਿੰਘ, ਰਾਮ ਪ੍ਰਾਸ਼ਰ ਬਿੱਲਾ, ਮਨਦੀਪ ਸਿੰਘ, ਤਜਿੰਦਰ ਸਿੰਘ ਚੰਨ, ਦਵਿੰਦਰਪਾਲ ਸਿੰਘ, ਵੀਰ ਬਿਕਰਮਜੀਤ ਸਿੰਘ ਚਾਹਲ, ਜਸਵਿੰਦਰ ਸਿੰਘ ਲਾਡਾ, ਗੁਰਕੀਰਤ ਸਿੰਘ ਬਾਵਾ, ਜਗਦੇਵ ਸਿੰਘ ਦਿਲਬਰ, ਇੰਦਰਜੀਤ ਸਿੰਘ, ਰਜਿੰਦਰ ਸਿੰਘ, ਕੌਂਸਲਰ ਬੀਬੀ ਬਲਵੀਰ ਕੌਰ, ਅਮਨਦੀਪ ਸਿੰਘ, ਸੰਦੀਪ ਕੌਰ, ਰਮਨਦੀਪ ਕੌਰ, ਗੁਰਦੀਪ ਕੌਰ, ਬਨਦੀਪ ਕੌਰ, ਮਨਜੀਤ ਕੌਰ, ਸਿਮਰਨ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਸਨ।

ਜ਼ਿਲ੍ਹਾ ਸਿੱਖਿਆ ਅਫ਼ਸਰ ਬਰਨਾਲਾ ਵੱਲੋਂ ਜਾਰੀ ਪੱਤਰ ਅਨੁਸਾਰ 21 ਸਕੂਲਾਂ ਦੀ ਮਾਨਤਾ ਰਹੇਗੀ ਜਾਰੀ

ਆਜਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 17 ਅਪ੍ਰੈਲ :

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਬਰਨਾਲਾ ਬਰਨਾਲਾ ਦੁਆਰਾ ਮੰਗੇ ਗਏ ਜ਼ਰੂਰੀ ਦਸਤਾਵੇਜ 31.3.24 ਤੋਂ ਪਹਿਲਾਂ ਜਮ੍ਹਾ ਕਰਵਾਉਣ ਤੇ ਅਤੇ ਸਕੂਲਾਂ ਦੀ ਬੇਨਤੀ ਪ੍ਰਵਾਨ ਕਰਨ ਤੇ ਇਹ ਆਦੇਸ਼ ਜਾਰੀ ਕੀਤੇ ਗਏ ਹਨ ਕਿ ਇਹਨਾਂ ਸਕੂਲਾਂ ਦੀ ਮਾਨਤਾ ਪਹਿਲਾਂ ਵਾਂਗ ਹੀ ਜਾਰੀ ਰਹੇਗੀ। ਇੰਨਾ ਸਕੂਲਾਂ ਦੀ ਮਾਨਤਾ ਉੱਪਰ ਇਸ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਸਕੂਲਾਂ ਵੱਲੋਂ ਹਰ ਇੱਕ ਦਸਤਾਵੇਜ਼, ਦਿੱਤੇ ਗਏ ਸਮੇਂ ਤੋਂ ਪਹਿਲਾਂ ਹੀ ਜਮ੍ਹਾ ਕਰਵਾ ਦਿੱਤੇ ਗਏ ਹਨ। ਅਸੀਂ ਬਰਨਾਲਾ ਨਿਵਾਸੀਆਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਬੇਨਤੀ ਕਰਦੇ ਹਾਂ ਕਿ ਆਪਣੇ ਬੱਚਿਆਂ ਦੇ ਸੁਨਹਿਰੇ ਅਤੇ ਉੱਜਵਲ ਭਵਿੱਖ ਲਈ ਬਿਨਾਂ ਕਿਸੇ ਹਿਚਕਿਚਾਹਟ ਅਤੇ ਮਾਨਤਾ ਰੱਦ ਦੇ ਭਰਮ ਨੂੰ ਮਨਾ ਵਿੱਚੋਂ ਕੱਢਦੇ ਹੋਏ ਵੱਧ ਤੋਂ ਵੱਧ ਦਾਖ਼ਲਾ ਕਰਵਾਓ। ਐਸ.ਐਸ ਇੰਟਰਨੈਸ਼ਨਲ ਸਕੂਲ ਖੁੱਡੀ ਕਲਾਂ ਦੀ ਪ੍ਰਿੰਸੀਪਲ ਅਤੇ ਸਾਰੇ ਮੈਨੇਜ਼ਮੈਂਟ ਮੈਂਬਰ ਤੁਹਾਨੂੰ ਉਚੇਚੇ ਤੌਰ ਤੇ ਬੇਨਤੀ ਕਰਦੇ ਹਨ ਕਿ ਸਕੂਲ ਵੱਲੋਂ ਕੋਈ ਦਾਖਲਾ ਫ਼ੀਸ ਨਹੀਂ ਲਈ ਜਾ ਰਹੀ ਅਤੇ ਹੋਰ ਸਕੂਲਾਂ ਨਾਲੋਂ ਫੀਸ ਵੀ ਬਹੁਤ ਵਾਜਿਬ ਲਈ ਜਾ ਰਹੀ ਹੈ। ਵਧੀਆ ਢੰਗ ਨਾਲ, ਗਤੀਵਿਧੀਆਂ, ਮੁਕਾਬਲੇ ਆਦਿ ਰਾਹੀਂ ਪੜ੍ਹਾਈ ਕਰਵਾਉਣਾ ਹੀ ਸਕੂਲ ਦਾ ਹਮੇਸ਼ਾ ਤੋਂ ਮੁੱਖ ਮੰਤਵ ਰਿਹਾ ਹੈ ਅਤੇ ਹਮੇਸ਼ਾ ਹੀ ਹੋਵੇਗਾ। ਦਫਤਰ ਵੱਲੋਂ ਜਾਰੀ ਕੀਤੇ ਆਦੇਸ਼ ਦੀ ਕਾਪੀ ਅਤੇ ਦਿੱਤੇ ਗਏ ਸਕੂਲਾਂ ਦੇ ਵੇਰਵੇ ਦੀ ਕਾਪੀ ਵੀ ਅਸੀਂ ਆਪ ਜੀ ਨੂੰ ਅਖਬਾਰ ਦੇ ਮਾਧਿਅਮ ਰਾਹੀਂ ਪਹੁੰਚਦੀ ਕਰ ਰਹੇ ਹਾਂ ਤਾਂ ਕਿ ਕਿਸੇ ਦੇ ਮਨ ਵਿੱਚ ਕੋਈ ਵੀ ਸ਼ੰਕਾ ਨਾ ਰਹੇ। ਇਲਾਕਾ ਨਿਵਾਸੀਆਂ ਨੂੰ ਅਤੇ ਮਾਪਿਆਂ ਨੂੰ ਬੇਨਤੀ ਕਰਦੇ ਹਾਂ ਕਿ ਆਪ ਜੀ ਨੇ ਹਮੇਸ਼ਾ ਹੀ ਸਾਡਾ ਸਾਥ ਦਿੱਤਾ ਹੈ ਅਤੇ ਵਿਸ਼ਵਾਸ ਕੀਤਾ ਹੈ, ਉਮੀਦ ਕਰਦੇ ਹਾਂ ਕਿ ਅੱਗੇ ਵਾਸਤੇ ਵੀ ਸਾਨੂੰ ਆਪ ਜੀ ਦਾ ਵਿਸ਼ਵਾਸ ਅਤੇ ਸਾਥ ਜ਼ਰੂਰ ਹੈ।

ਐਡਵੋਕੇਟ ਇਕਬਾਲ ਸਿੰਘ ਝੂੰਦਾਂ ਰਿਕਾਰਡ ਤੋੜ ਵੋਟਾਂ ਨਾਲ ਕਰਨਗੇ ਜਿੱਤ ਪ੍ਰਾਪਤ : ਸਿੱਧੂ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,16 ਅਪ੍ਰੈਲ :

ਐਡਵੋਕੇਟ ਇਕਬਾਲ ਸਿੰਘ ਝੂੰਦਾ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਸੰਗਰੂਰ ਤੋਂ ਲੋਕ ਸਭਾ ਦਾ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਅਕਾਲੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਦਿਖਾਈ ਦੇ ਰਿਹਾ ਹੈ,ਅਤੇ ਸ. ਝੂੰਦਾਂ ਲੋਕ ਸਭਾ ਹਲਕਾ ਸੰਗਰੂਰ ਤੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਪ੍ਰਾਪਤ ਕਰਨਗੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਗਰ ਕੌਂਸਲ ਲੌਂਗੋਵਾਲ ਦੇ ਮੀਤ ਪ੍ਰਧਾਨ ਅਤੇ ਅਕਾਲੀ ਦਲ ਦੇ ਨੌਜਵਾਨ ਆਗੂ ਸ. ਰਣਜੀਤ ਸਿੰਘ ਸਿੱਧੂ ਨੇ ਪ੍ਰੈਸ ਬਿਆਨ ਰਾਹੀਂ ਕੀਤਾ। ਉਨ੍ਹਾਂ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੁਸ਼ਕਿਲ ਘੜੀ ਵਿੱਚ ਵਰਕਰਾਂ ਦੀ ਬਾਂਹ ਫੜਨ ਵਾਲੇ ਤੇ ਪਾਰਟੀ ਲਈ ਮਿਹਨਤ ਕਰਨ ਵਾਲੇ ਬੇਦਾਗ, ਇਮਾਨਦਾਰ ਤੇ ਨੇਕ ਸ਼ਖਸੀਅਤ ਦੇ ਮਾਲਿਕ ਇਕਬਾਲ ਸਿੰਘ ਝੂੰਦਾਂ ਨੂੰ ਟਿਕਟ ਦੇਣ ਨਾਲ ਅਕਾਲੀ ਦਲ ਜ਼ਿਲ੍ਹਾ ਸੰਗਰੂਰ ਅੰਦਰ ਪਹਿਲਾ ਵਾਂਗ ਹੀ ਮਜ਼ਬੂਤ ਹੋਵੇਗਾ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ ,ਕਿਉਕਿ ਇਕਬਾਲ ਸਿੰਘ ਝੂੰਦਾ ਤੇ ਕੋਈ ਵਿਰੋਧੀ ਵੀ ਉਂਗਲ ਨਹੀ ਚੁੱਕ ਸਕਦਾ । ਰਣਜੀਤ ਸਿੰਘ ਸਿੱਧੂ ਨੇ ਕਿਹਾ ਸ.ਝੂੰਦਾਂ ਦੀ ਜਿੱਤ ਲਈ ਲੌਂਗੋਵਾਲ ਵਿਖੇ ਅਕਾਲੀ ਵਰਕਰਾਂ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵਰਕਰ ਉਹਨਾਂ ਦੀ ਜਿੱਤ ਲਈ ਪੂਰੀ ਮਿਹਨਤ ਨਾਲ ਚੋਣ ਪ੍ਰਚਾਰ ਵਿੱਚ ਜੁੱਟ ਗਏ ਹਨ। ਇਸ ਮੌਕੇ ਕੌਂਸਲਰ ਗੁਰਮੀਤ ਸਿੰਘ ਲੱਲੀ, ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਮੀਤ ਪ੍ਰਧਾਨ ਨਰਿੰਦਰ ਸਿੰਘ ਨੰਦੂ,ਸਰਪੰਚ ਸੁਖਵਿੰਦਰ ਸਿੰਘ ਚਹਿਲ, ਕੌਂਸਲਰ ਬਲਵਿੰਦਰ ਸਿੰਘ ਕਾਲਾ, ਸੀਨੀਅਰ ਅਕਾਲੀ ਆਗੂ ਸਾਬਕਾ ਕੌਂਸਲਰ ਅਵਤਾਰ ਸਿੰਘ ਦੁੱਲਟ, ਡਾ.ਮਾਲਵਿੰਦਰ ਸਿੰਘ ਮਾਲੀ,ਪ੍ਰਧਾਨ ਗੁਰਜੰਟ ਸਿੰਘ ਦੁੱਲਟ,ਬਾਬਾ ਕੁਲਵੰਤ ਸਿੰਘ ਕਾਂਤੀ, ਜਸਵਿੰਦਰ ਸਿੰਘ ਦੁੱਲਟ ਸੁਸਾਇਟੀ ਪ੍ਰਧਾਨ ਆਦਿ ਮੌਜੂਦ ਸਨ।

ਅਬਾਦਕਾਰਾਂ ਦਾ ਉਜਾੜਾ ਨਹੀਂ ਹੋਣ ਦੇਵਾਗੇ: ਬੀਕੇਯੂ ਕ੍ਰਾਂਤੀਕਾਰੀ

**ਆਜ਼ਾਦ ਸੋਚ, ਬਹਾਦਰ ਸਿੰਘ ਵੜੈਚ, ਅਨਮੋਲਪ੍ਰੀਤ ਸਿੰਘ, ਖਨੌਰੀ

ਮਾਲੇਰਕੋਟਲਾ 'ਚ ਬਾਰ੍ਹਵੀਂ ਦੀ ਵਿਦਿਆਰਥਣ ਨਾਲ ਬਲਾਤਕਾਰ

ਆਜ਼ਾਦ ਸੋਚ
ਸ਼ਾਹਿਦ ਜ਼ੁਬੈਰੀ
ਮਾਲੇਰਕੋਟਲਾ, 17 ਅਪ੍ਰੈਲ

ਮਾਲੇਰਕੋਟਲਾ ਵਿਖੇ ਇਕ ਨਿੱਜੀ ਸਕੂਲ ਵਿਚ ਬਾਰ੍ਹਵੀ ਜਮਾਤ ਵਿਚ ਪੜ੍ਹਦੀ ਇਕ ਨਾਬਾਲਗ ਵਿਦਿਅਰਥਣ ਨਾਲ ਬਲਾਤਕਾਰ ਦਾ ਦਿਲ ਝੰਜੋੜ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਮੁਤਾਬਿਕ ਮੁਲਜਮ ਨੌਜਵਾਨ ਲੜਕੀ ਨੂੰ ਨਿੱਜੀ ਸਕੂਲ ਨੇੜਿਓਂ ਛੁੱਟੀ ਹੋਣ ਪਿੱਛੋਂ ਕਥਿਤ ਧੱਕੇ ਨਾਲ ਆਪਣੀ ਕਾਰ ਵਿਚ ਬਿਠਾ ਕੇ ਕਿਸੇ ਅਣਪਛਾਤੀ ਜਗਹ ਲੈ ਗਿਆ ਜਿਥੇ ਉਸ ਨਾਲ ਬਲਾਤਕਾਰ ਕਰਨ ਪਿੱਛੋਂ ਸਥਾਨਕ ਸਰਹਿੰਦੀ ਗੇਟ ਨੇੜੇ ਗਲੀ ਵਿਚ ਸੁੱਟ ਕੇ ਫਰਾਰ ਹੋ ਗਿਆ। ਥਾਣਾ ਸਿਟੀ-1 ਮਲੇਰਕੋਟਲਾ ਵਿਖੇ ਪੀੜਤਾ ਦੇ ਮਾਤਾ ਵੱਲੋਂ ਦਰਜ ਕਰਵਾਏ ਬਿਆਨਾਂ ਦੇ ਅਧਾਰ 'ਤੇ ਪੁਲਿਸ ਨੇ ਜਬਰ ਜਿਨਾਹ, ਧਮਕੀ ਦੇ ਅਤੇ ਜਿਨਸੀ ਅਪਰਾਧ ਤੋਂ ਬਾਲ ਸੁਰੱਖਿਆ ਕਨੂੰਨ ਤਹਿਤ ਮੁਕੱਦਮਾ ਨੰਬਰ 40 ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿਤੀ ਹੈ।ਬਿਆਨ ਵਿਚ ਪੀੜਤਾ ਦੀ ਮਾਤਾ ਨੇ ਦੱਸਿਆ ਕਿ ਮਾਲੇਰਕੋਟਲਾ ਦੇ ਇੱਕ ਨਿੱਜੀ ਸਕੂਲ ਵਿਚ ਬਾਰ੍ਹਵੀਂ ਜਮਾਤ 'ਚ ਪੜ੍ਹਦੀ ਨਾਬਾਲਗ ਲੜਕੀ ਜਦੋਂ ਛੁੱਟੀ ਤੋਂ ਬਾਅਦ ਘਰ ਨਾ ਪਰਤੀ ਤਾਂ ਉਨ੍ਹਾਂ ਬੱਚੀ ਬਾਰੇ ਸਕੂਲ ਅਤੇ ਇਧਰੋਂ ਉਧਰੋਂ ਪਤਾ ਕੀਤਾ। ਕਾਫੀ ਭੱਜ ਦੌੜ ਪਿੱਛੋਂ ਬੱਚੀ ਸਰਹਿੰਦੀ ਗੇਟ ਨੇੜਲੀ ਇਕ ਗਲੀ ਵਿਚੋਂ ਬਹੁਤ ਬੁਰੀ ਹਾਲਤ ਵਿਚ ਪਈ ਮਿਲੀ। ਉਨ੍ਹਾਂ ਲੜਕੀ ਨੂੰ ਤੁਰੰਤ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਦਾਖਲ ਕਰਵਾਇਆ ਜਿਥੇ ਉਸ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਡਾਕਟਰਾਂ ਨੇ ਪਟਿਆਲੇ ਰੈਫਰ ਕਰ ਦਿੱਤਾ।ਪੀੜਤ ਬੱਚੀ ਦੀ ਮਾਤਾ ਨੇ ਦੱਸਿਆ ਕਿ ਸਕੂਲ

ਵਿਚੋਂ ਛੁੱਟੀ ਹੋਣ ਵੇਲੇ ਸਕੂਲ ਦੇ ਬਾਹਰ ਗੱਡੀ ਲੈ ਕੇ ਖੜ੍ਹੇ ਪਿੰਡ ਬਨਭੌਰਾ ਦੇ ਦਿਲਪਰੀਤ ਸੋਹੀ ਨਾਂ ਦੇ ਇਕ ਮੁੰਡੇ ਨੇ ਆਵਾਜ਼ ਮਾਰ ਕੇ ਉਸ ਦੀ ਬੇਟੀ ਨੂੰ ਗੱਲ ਸੁਣਨ ਲਈ ਆਪਣੇ ਕੋਲ ਬੁਲਾਇਆ। ਲੜਕੀ ਦੇ ਮਨ੍ਹਾਂ ਕਰਨ 'ਤੇ ਉਸ ਨੇ ਮਾਰਨ ਦੀ ਧਮਕੀ ਦਿੰਦਿਆਂ ਆਪਣੀ ਗੱਡੀ ਵਿਚ ਬਿਠਾ ਲਿਆ ਅਤੇ ਗੱਡੀ ਭਜਾ ਕੇ ਸਹਿਰ ਤੋਂ ਬਾਹਰ ਕਿਸੇ ਨਾਮਲੂਮ ਜਗਾ 'ਤੇ ਲੈ ਗਿਆ ਜਿਥੇ ਉਸ ਨਾਲ ਜਬਰਦਸਤੀ ਕੀਤੀ ਗਈ ਅਤੇ ਕਿਸੇ ਨੂੰ ਦੱਸਣ 'ਤੇ ਜਾਨੋ ਮਾਰ ਦੇਣ ਦੀ ਧਮਕੀ ਦਿੱਤੀ। ਪ੍ਰਾਪਤ ਜਾਣਕਾਰੀ ਮੁਤਾਬਿਕ ਬਾਅਦ ਵਿਚ ਮੁਲਜ਼ਮ ਲਹੂ ਲੁਹਾਣ ਲੜਕੀ ਨੂੰ ਮਾਲੇਰਕੋਟਲਾ ਦੇ ਸਰਹਿੰਦੀ ਗੇਟ ਨੇੜਲੀ ਗਲੀ ਵਿਚ ਗੱਡੀ 'ਚੋਂ ਉਤਾਰ ਕੇ ਫਰਾਰ ਹੋ ਗਿਆ। ਥਾਣਾ ਸਿਟੀ-1 ਮਾਲੇਰਕੋਟਲਾ ਦੇ ਮੁੱਖ ਅਫਸਰ ਇੰਸਪੈਕਟਰ ਸਾਹਿਬ ਸਿੰਘ ਨੇ ਦੱਸਿਆ ਕਿ ਇਸ ਘਿਨੌਣੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਖਿਲਾਫ ਪੀੜਤ ਬੱਚੀ ਦੇ ਪਿਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰੀ ਕੀਤੀ ਜਾ ਰਹੀ ਹੈ। ਥਾਣਾ ਮੁੱਖੀ ਮੁਤਾਬਿਕ ਮੁੱਢਲੀ ਪੜਤਾਲ ਦੌਰਾਨ ਪਤਾ ਲੱਗਿਆ ਹੈ ਕਿ ਪੀੜਤ ਲੜਕੀ ਦਾ ਮੁਲਜ਼ਮ ਨੌਜਵਾਨ ਨਾਲ ਇੰਸਟਾਗਰਾਮ 'ਤੇ ਰਾਬਤਾ ਹੋਇਆ ਸੀ ਅਤੇ ਉਹ ਦੋਵੇਂ ਇੰਸਟਾਗਰਾਮ ਸੋਸ਼ਲ ਮਾਧਿਅਮ ਰਾਹੀਂ ਇਕ ਦੂਜੇ ਨੂੰ ਜਾਣਦੇ ਸਨ। ਮੁਲਜ਼ਮ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਏ ਜਾਣ ਦਾ ਦਾਅਵਾ ਕਰਦਿਆਂ ਪੁਲਿਸ ਅਧਿਕਾਰੀ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਹੋਰ ਵੇਰਵੇ ਮੁਲਜ਼ਮ ਦੀ ਗ੍ਰਿਫਤਾਰੀ ਉਪਰੰਤ ਤਫਤੀਸ਼ ਦੌਰਾਨ ਹੀ ਪਤਾ ਲੱਗ ਸਕਣਗੇ।

ਸਿੱਖ ਲਾਈਟ ਇੰਨਫੈਂਟਰੀ ਟੀਮ ਦਾ ਲੁਧਿਆਣਾ 'ਚ ਵਿਸ਼ੇਸ਼ ਦੌਰਾ

ਆਜ਼ਾਦ ਸੋਚ
ਜੇ.ਐਸ. ਖੰਨਾ
ਲੁਧਿਆਣਾ , 16 ਅਪ੍ਰੈਲ

ਕਮਾਂਡਰ ਬਲਜਿੰਦਰ ਵਿਰਕ (ਰਿਟਾ) ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ, ਲੁਧਿਆਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਮੀ ਦੇ ਰਿਕਾਰਡ ਦਫਤਰ ਸਿੱਖ ਲਾਈਟ ਇੰਨਫੈਨਟਰੀ ਵੱਲੋਂ ਉਨ੍ਹਾਂ ਦੇ ਰਿਕਾਰਡ ਨਾਲ ਸਬੰਧਿਤ ਸਾਬਕਾ ਸੈਨਿਕਾਂ/ਵੀਰ ਨਾਰੀਆਂ/ਸਾਬਕਾ ਸੈਨਿਕਾਂ ਦੀਆਂ ਵਿਧਵਾਵਾਂ ਅਤੇ ਇਨ੍ਹਾਂ ਦੇ ਆਸ਼ਿਰਤਾਂ ਦੀਆਂ ਪੈਨਸ਼ਨ/ਪਾਰਟ ਟੂ ਆਰਡਰ/ਪਤਾ ਬਦਲੀ/ਸਪਰਸ਼/ਸੀ.ਈ.ਏ. ਅਤੇ ਹੋਰ ਮੁਸ਼ਕਿਲਾਂ/ਸ਼ਿਕਾਇਤਾਂ ਸੁਣਨ ਅਤੇ ਉਹਨਾਂ ਦੇ ਨਿਪਟਾਰੇ ਲਈ 18 ਅਤੇ 19 ਅਪ੍ਰੈਲ 2024 ਨੂੰ ਜਿਲ੍ਹਾ ਰੱਖਿਆਂ ਸੇਵਾਵਾਂ ਭਲਾਈ ਦਫਤਰ, ਲੁਧਿਆਣਾ ਵਿਖੇ ਆਰਮੀ ਰਿਕਾਰਡ ਦੀ ਟੀਮ ਪਹੁੰਚ ਰਹੀ ਹੈ। ਕਮਾਂਡਰ ਵਿਰਕ ਵੱਲੋਂ ਜਿਲ੍ਹਾ ਲੁਧਿਆਣਾ ਦੇ ਸਿੱਖ ਲਾਈਟ ਇੰਨਫੈਨਟਰੀ ਦੇ ਸਾਬਕਾ ਸੈਨਿਕਾਂ/ਵਿਧਵਾਵਾਂ, ਵੀਰ ਨਾਰੀਆਂ ਅਤੇ ਉਹਨ੍ਹਾਂ ਦੇ ਆਸ਼ਰਿਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਰਮੀ ਰਿਕਾਰਡ ਟੀਮ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਲਾਭ ਲੈਣ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ।

ਅਮੀਤ ਖੁੱਡੀਆਂ ਨੇ ਵਪਾਰੀਆਂ ਦੀਆਂ ਸੁਣੀਆਂ ਮੁਸ਼ਕਿਲਾਂ

ਬਠਿੰਡਾ, 17 ਅਪ੍ਰੈਲ (ਗੌਰਵ ਕਾਲੜਾ):ਸਥਾਨਕ ਮੰਡੀ 'ਚ ਇਕ ਸ਼ੈਲਰ 'ਤੇ ਬਠਿੰਡਾ ਲੋਕ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਪੁੱਤਰ ਅਮੀਤ ਖੁੱਡੀਆਂ ਵੱਲੋਂ ਵਪਾਰੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ। ਅਮੀਤ ਖੁੱਡੀਆਂ ਨੇ ਕਿਹਾ ਕਿ ਉਹ ਵਪਾਰੀਆਂ ਨੂੰ ਨਾਲ ਲੈ ਕੇ ਚੱਲ ਰਹੇ ਹਨ, ਕਿਉਂਕਿ ਕੋਈ ਵੀ ਸੂਬਾ ਵਪਾਰੀਆਂ ਤੋਂ ਬਿਨ੍ਹਾਂ ਤਰੱਕੀ ਨਹੀਂ ਕਰ ਸਕਦਾ।

ਵਪਾਰੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਰ ਉਨ੍ਹਾਂ ਦੇ ਪਿਤਾ ਜਥੇਦਾਰ ਗੁਰਮੀਤ ਖੁੱਡੀਆਂ ਨੂੰ ਜਿਤਾ ਕੇ ਸਾਂਸਦ ਭੇਜਣ ਤਾਂ ਜੋ ਬਠਿੰਡਾ 'ਚ ਹੋਰ ਉਦਯੋਗ ਲਿਆਦੇ ਜਾਣ ਜਿਸ ਨਾਲ ਵਪਾਰੀਆਂ ਤੋਂ ਬਿਨ੍ਹਾਂ ਨੌਜਵਾਨਾਂ ਨੂੰ ਵੀ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਧਨਾਢ ਤੇ ਜਗੀਰਦਾਰਾਂ ਦੀਆਂ ਪਾਰਟੀਆਂ ਹਨ ਜਿਹੜੀਆਂ ਹੁਣ ਪੈਸ਼ੇ ਦੇ ਜ਼ੋਰ 'ਤੇ ਚੋਣ ਜਿੱਤਣ ਦੇ ਵੱਡੇ-ਵੱਡੇ ਦਮਗਜੇ ? ਮਾਰ ਰਹੀਆਂ ਹਨ, ਦੂਸਰੀ ਤਰਫ਼ ਉਨ੍ਹਾਂ ਦੇ ਪਿਤਾ ਹਨ ਜੋ ਇਮਾਨਦਾਰ ਤੇ ਆਮ ਲੋਕਾਂ 'ਚ ਵਿਚਰਨ ਵਾਲੇ ਇਨਸਾਨ ਹਨ। ਉਨ੍ਹਾਂ ਵਪਾਰੀਆਂ ਨੂੰ ਅੱਗੇ ਕਿਹਾ ਕਿ ਉਹ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਦੋ ਸਾਲਾਂ 'ਚ ਕੀਤੇ ਕੰਮ ਦੇ ਅਧਾਰ ਤੇ ਹੀ ਵੋਟ ਪਾ ਦੇਣ ਕਿਉਂਕਿ ਉਨ੍ਹਾਂ ਵੱਲੋਂ ਬਿਨ੍ਹਾਂ ਵਿਤਕਰੇਬਾਜ਼ੀ ਅਤੇ ਰਿਸ਼ਵਤ ਲਏ ਤੋਂ ਬਗੈਰ ਆਮ ਘਰਾਂ ਦੇ ਲੜਕਿਆਂ ਨੂੰ ਸਰਕਾਰੀ ਨੌਕਰੀਆਂ ਤੇ ਰੱਖਿਆ ਜਾ ਰਿਹਾ ਹੈ ਜੋ ਪਿਛਲੀਆਂ ਸਰਕਾਰਾਂ 'ਚ ਅਜਿਹਾ ਨਹੀਂ ਹੁੰਦਾ ਸੀ। ਇਸ ਮੌਕੇ ਉਨ੍ਹਾਂ ਦੇ ਨਾਲ ਜੈਦੀਪ ਜੱਸੀ, ਸਾਬਕਾ ਸਰਪੰਚ ਧਰਮਪਾਲ ਗੁਰਥੜ੍ਹੀ, ਗੁਰਵਿੰਦਰ ਢਿੱਲੋਂ ਭੁੱਖਿਆਵਾਲੀ, ਹੈਪੀ ਸਿੰਘ ਮੱਲਵਾਲਾ, ਟਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਕੁਮਾਰ ਸੰਗਤ, ਸੁਖਦੇਵ ਸਿੰਘ ਸਾਬਕਾ ਸਰਪੰਚ ਫੁੱਲੋਂ ਮਿੱਠੀ, ਰਵੀ ਗੋਇਲ,ਕੌਂਸਲਰ ਰੋਹਿਤ ਕੁਮਾਰ ਗੋਗੀ, ਨਰੇਸ਼ ਕੁਮਾਰ, ਸ਼ਾਮ ਲਾਲ, ਪਵਨ ਕੁਮਾਰ, ਕੁਲਭੂਸ਼ਨ ਵਿੱਕੀ, ਰੋਮੀ ,ਬਿੰਨੀ,ਜ਼ੁਝਾਰ ਸਿੰਘ ਵਿਰਕ ਗੁਰਥੜ੍ਹੀ, ਜਸਵੀਰ ਸਿੰਘ ਪੱਪੀ ਮਛਾਣਾ, ਗਗਨ ਮਛਾਣਾ, ਸਾਬਕਾ ਸਰਪੰਚ ਪਰਮਿੰਦਰ ਪਿੰਦਾ ਮਛਾਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਵਪਾਰੀ ਮੌਜੂਦ ਸਨ।

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰਗੋਬਿੰਦ ਐਨਕਲੇਵ ਨੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 17 ਅਪ੍ਰੈਲ

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਨੇ ਬੱਚਿਆਂ, ਸਟਾਫ਼ ਮੈਂਬਰਾਂ ਅਤੇ ਮਾਪਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਵਿਸਾਖੀ ਦਾ ਤਿਉਹਾਰ ਹਰ ਸਾਲ ਅਪ੍ਰੈਲ ਮਹੀਨੇ ਦੀ ਸੰਕ੍ਰਾਂਤਿ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਦਿਨ, ਜਦੋਂ ਫਸਲ ਪੱਕ ਜਾਂਦੀ ਹੈ ਤਾਂ ਉਨ੍ਹਾਂ ਦੀ ਕਟਾਈ ਸ਼ੁਰੂ ਕੀਤੀ ਜਾਦੀ ਹੈ। ਸਿੱਖਾਂ ਲਈ ਇਹ ਦਿਨ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ।

ਇਸ ਮੌਕੇ ਸਕੂਲ ਦੇ ਪ੍ਰਧਾਨ ਬਲਬੀਰ ਸਿੰਘ ਅਤੇ ਸਕੂਲ ਪ੍ਰਬੰਧਕ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਪੁੱਜਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਆਪਣੇ ਸੰਬੋਧਨ ਵਿੱਚਸਕੂਲ ਦੇ ਚੇਅਰਮੈਨ ਬਲਬੀਰ ਸਿੰਘ ਨੇ ਕਿਹਾ ਕਿ ਵਿਸਾਖੀ ਦਾ ਤਿਉਹਾਰ ਸਿੱਖ ਕੌਮ ਲਈ ਬਹੁਤ ਹੀ ਖਾਸ ਹੈ, ਸਿੱਖ ਕੌਮ ਇਸ ਦਿਨ ਨੂੰ ਖਾਲਸਾ ਸਾਜਨਾ ਦਿਵਸ ਵਜੋਂ ਮਨਾਉਂਦੀ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਸਕੂਲ ਵਿੱਖੇ ਵਿਸਾਖੀ ਪ੍ਰੋਗਰਾਮ ਦੀ ਅਰੰਭਤਾ ਸ਼ਬਦ ਕੀਰਤਨ ਨਾਲ ਹੋਈ, ਉਪਰੰਤ ਸਕੂਲੀ ਬੱਚਿਆਂ ਨੇ ਸੱਭਿਆਚਾਰਕ ਵਿਭਿੰਨਤਾ ਅਤੇ ਏਕਤਾ ਦੀ ਸ਼ਾਨਦਾਰ ਤਸਵੀਰ ਪੇਸ਼ ਕਰਦੇ ਪ੍ਰੋਗਰਾਮ ਪ੍ਰਸਤੁਤ ਕੀਤੇ। ਪ੍ਰੋਗਰਾਮ ਦੌਰਾਨ ਬੱਚੇ ਰੰਗ-ਬਿਰੰਗੀ ਪੋਸ਼ਾਕ ਵਿਚ ਨਜ਼ਰ ਆ ਰਹੇ ਸਨ। ਬੱਚਿਆਂ ਨੇ ਪੰਜਾਬੀ ਗੀਤਾਂ 'ਤੇ ਗਰੁੱਪ ਡਾਂਸ, ਗਿੱਧਾ ਅਤੇ ਭੰਗੜਾ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ।

ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬਹੁਮੰਜਿਲੀ ਕਾਰ ਪਾਰਕਿੰਗ ਦਾ ਨੀਂਹ ਪੱਥਰ ਰੱਖਿਆ

ਆਜ਼ਾਦ ਸੋਚ
ਮੇਜਰ ਸਿੰਘ ਪੰਜਾਬੀ/ਸਾਹਿਬਜ਼ਾਦਾ ਅਜੀਤ ਸਿੰਘ ਨਗਰ, 17 ਅਪ੍ਰੈਲ

ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਆਸ਼ੀਰਵਾਦ ਸਦਕਾ ਸੰਗਤਾਂ ਦੀ ਸਹੂਲਤ ਲਈ ਬਹੁਮੰਜਿਲੀ ਕਾਰ ਪਾਰਕਿੰਗ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਕਾਰਜ ਲਈ ਸਵੇਰੇ ਸ੍ਰੀ ਸਹਿਜ ਪਾਠ ਸਾਹਿਬ ਜੀ ਭੋਗ ਪਾਏ ਗਏ। ਇਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੁੰਜ ਵਿੱਚ ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਵਾਲਿਆਂ ਵਲੋਂ ਨੀਂਹ ਪੱਥਰ ਰਖਿੱਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਸ. ਹਰਜਿੰਦਰ ਸਿੰਘ ਨੇ ਦੱਸਿਆ ਕਿ ਅਧੁਨਿਕ ਸਹੂਲਤਾਂ ਵਾਲੀ ਇਹ ਕਾਰ ਪਾਰਕਿੰਗ ਬੇਸਮੇਂਟ ਸਮੇਤ 6 ਮੰਜਿਲਾ ਬਣਵਾਈ ਜੀ ਰਹੀ ਹੈ। ਮਿਠਾਈਆਂ ਅਤੇ ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ।

ਲਾਵਾਰਿਸ਼ ਬੈਗ ਵਰਗੀ ਸ਼ੱਕੀ ਵਸਤੂ ਮਿਲਣ ਦੀ ਸਥਿਤੀ ਨਾਲ ਨਜਿੱਠਣ ਸਬੰਧੀ ਮਾਲੇਰਕੋਟਲਾ ਪੁਲਸ ਨੇ ਕੀਤੀ ਮੌਕ ਡਰਿੱਲ

ਆਜ਼ਾਦ ਸੋਚ
ਸ਼ਾਹਿਦ ਜ਼ੁਬੈਰੀ
ਮਾਲੇਰਕੋਟਲਾ, 17 ਅਪ੍ਰੈਲ

ਮਾਲੇਰਕੋਟਲਾ ਪੁਲਸ ਨੇ ਅੱਜ ਡੀ.ਜੀ.ਪੀ. ਪੰਜਾਬ ਦੇ ਦਿਸ਼ਾ ਨਿਰਦੇਸ਼ ਅਤੇ ਮਾਲੇਰਕੋਟਲਾ ਐੱਸ.ਐੱਸ.ਪੀ. ਡਾ.ਸਿਮਰਤ ਕੌਰ ਦੀਆਂ ਹਦਾਇਤਾਂ ਮੁਤਾਬਕ ਸਥਾਨਕ ਬਸ ਸਟੈਂਡ ਵਿਖੇ ਡੀ.ਐਸ.ਪੀ. ਸਬ ਡਵੀਜ਼ਨ ਮਾਲੇਰਕੋਟਲਾ ਗੁਰਦੇਵ ਸਿੰਘ ਅਤੇ ਡੀ.ਐਸ.ਪੀ. (ਡੀ) ਕਰਮਜੀਤ ਸਿੰਘ ਦੀ ਅਗਵਾਈ ਹੇਠ ਮੌਕ ਡਰਿੱਲ ਕੀਤੀ ਗਈ।ਜੇਕਰ ਸ਼ਹਿਰ ਅੰਦਰ ਭੀੜ-ਭੜੱਕੇ ਵਾਲੀ ਕਿਸੇ ਜਗ ?ਹਾ 'ਤੇ ਕੋਈ ਲਾਵਾਰਿਸ਼ ਵਸਤੂ ਜਾਂ ਬੈਗ ਮਿਲਦਾ ਹੈ ਤਾਂ ਉਸ ਸਥਿਤੀ 'ਚ ਕੰਟਰੌਲ ਕਰਨ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਕਿਹੜੇ ਸੁਰੱਖਿਆ ਪ੍ਰਬੰਧ ਕਿਸ ਤਰ੍ਹਾਂ ਕਰਨੇ ਹਨ ਅਤੇ ਇਸ ਸਥਿਤੀ ਨਾਲ ਕਿਸ ਤਰ੍ਹਾਂ ਨਿੱਪਟਣਾ ਹੈ।ਉਸ ਬਾਰੇ ਜਾਗਰੂਕ ਕਰਨ ਲਈ ਮਾਲੇਰਕੋਟਲਾ ਜ਼ਿਲ੍ਹਾ ਪੁਲਸ ਫੋਰਸ ਦੀ ਰਿਹਾਇਸ਼ਲ ਕਰਾਉਂਦੇ ਹੋਏ ਪ੍ਰੈਕਟੀਕਲ ਪ੍ਰੈਕਟਿਸ ਕੀਤੀ ਗਈ। ਜਿਸ ਤਹਿਤ ਅੱਜ ਦੁਪਹਿਰੇ 2 ਵਜੇ ਦੇ ਕਰੀਬ ਪੁਲਸ ਫੋਰਸ ਨੇ ਪਹਿਲਾਂ ਬਸ ਸਟੈਂਡ ਦੇ ਲੁਧਿਆਣਾ ਵਾਲੀਆਂ ਬਸਾਂ ਦੇ ਸਟਾਪ ਨੇੜੇ ਖੂੰਜੇ 'ਚ ਇੱਕ ਲਾਵਾਰਿਸ਼ ਬੈਗ ਰੱਖਿਆ ਅਤੇ ਫਿਰ ਉਕਤ ਦੋਵੇਂ ਡੀ.ਐਸ.ਪੀ. ਸਾਹਿਬਾਨਾਂ ਗੁਰਦੇਵ ਸਿੰਘ ਅਤੇ ਕਰਮਜੀਤ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਫੋਰਸ ਨੇ ਉਕਤ ਬੈਗ ਵਾਲੀ ਜਗ ?ਹਾ ਦੇ ਕੁਝ ਹਿੱਸੇ ਨੂੰ ਖਾਲੀ ਕਰਵਾ ਕੇ ਆਲੇ-ਦੁਆਲੇ ਬੈਰੀਕੇਟ ਲਗਾਏ ਅਤੇ ਲੁਧਿਆਣਾ ਜ਼ਿਲ੍ਹੇ ਤੋਂ ਪੁੱਜੀ ਬੰਬ ਡਿਸਪੋਜ਼ਲ ਸੈਕੁਐਡ ਟੀਮ ਨੇ ਪੂਰੇ ਸੁਰੱਖਿਆ ਪ੍ਰਬੰਧ ਕਰਦੇ ਹੋਏ ਉਕਤ ਬੈਗ ਨੂੰ ਚੈੱਕ ਕਰਨ ਅਤੇ ਬੰਬ ਹੋਣ ਦੀ ਸੂਰਤ 'ਚ ਬੰਬ ਨੂੰ ਡਿਫਿਊਜ਼ ਕਰਨ ਦੀ ਪੂਰੀ ਪ੍ਰਕਿਰਿਆ